ਵਰਿਆਮ

ਅਗਸਤ ੧੯੮੭

# ਹੰਝੂਆਂ ਦੀ ਝੜੀ

—ਊਧਮ ਸਿੰਘ 'ਮੌਜੀ'—

ਓ ਸਾਈਆਂ ! ਸਾਈਆਂ !! ਸਾਈਆਂ !!!
ਲੋਕਾਂ ਭਾਣੇਂ ਸਾਉਣ ਵਸਿਆ,
ਸਾਡੇ ਹੰਝੂਆਂ ਨੇ ਝੜੀਆਂ ਲਾਈਆਂ ।

ਕੁੱਤੀ ਜਦੋਂ ਸਾਹਿਬ ਦੀ ਮਰੇ,
ਨਿਤ ਮਾਤਮੀ ਧੁਨਾਂ ਵਜਾਈਆਂ ।

ਪੁੱਤ ਜਦੋਂ ਕੌਮ ਦੇ ਮਰੇ,
ਖ਼ੂਬ ਟੀ. ਵੀ. ਉਤੇ ਫਿਲਮਾਂ ਆਈਆਂ ।

ਫਿੱਟੇ-ਮੂੰਹ ਅਦਾਲਤਾਂ ਦੇ,
ਜਿਥੇ ਝੂਠੀਆਂ ਹੋਣ ਗਵਾਹੀਆਂ ।

ਬਾਤਾਂ ਕਤਲਾਂ ਦੀਆਂ,
ਅਸੀਂ ਰੋਜ਼ ਰਾਤ ਨੂੰ ਪਾਈਆਂ ।

ਜ਼ਾਲਮ ਚੰਦਰੇ ਨੇ ਹਾਏ !
ਜਾਨਾਂ ਜਾਣ ਕੇ ਤਾਈਆਂ ।

ਧੂੰਆਂ ਸਿਵਿਆਂ ਦਾ,
ਘਨਘੋਰ ਘਟਾਅ ਜਿਉਂ ਛਾਈਆਂ ।

ਬੱਦਲਾਂ 'ਚੋਂ ਲਹੂ ਨੁਚੜੇ,
ਕਿਵੇਂ ਜੀਣ ਧਰਤ ਦੀਆਂ ਜਾਈਆਂ ।

ਸ਼ਰਾਟੇ ਗੜਿਆਂ ਦੇ,
ਵਿਚ ਗੋਲੀਆਂ ਦੇਣ ਸੁਣਾਈਆਂ ।

ਬਰਖਾ ਬਾਰੂਦ ਵਰਗੀ,
ਏਥੇ ਕੀਤਾ ਕਰਮ ਕਸਾਈਆਂ ।

ਲੋਕਾ ਭਾਣੇ ਸਾਉਣ ਵਸਿਆ... ... ...
ਪੁੱਤ ਖਾ ਲਏ ਖੂਨੀ ਦੌਰ ਨੇ,
ਮੋਈਆਂ ਬਿਲਖ-ਬਿਲਖ ਕੇ ਮਾਈਆਂ ।

'ਚੰਨ ਸਾਡੇ ਛੁਪ ਨੀ ਗਏ',
ਕਈ ਵਿਧਵਾ ਦੇਣ ਦੁਹਾਈਆਂ ।

ਜੁਲਫਾਂ ਲਹੂ ਭਿੱਜੀਆਂ,
ਕਿਸੇ ਚਿਖ਼ਾ 'ਤੇ ਬੈਠ ਸੁਕਾਈਆਂ ।

ਨਦੀਆਂ 'ਚ ਰੱਤ ਵਗਦੀ,
ਕਈ ਲਾਸ਼ਾਂ ਰੁੜ੍ਹ ਕੇ ਆਈਆਂ ।

ਫਾਂਸੀਆਂ ਦੇ ਬੋੜ੍ਹ ਟੁੱਟ ਗਏ,
ਜਦ ਜੋਬਨਾਂ ਨੇ ਪੀਂਘਾਂ ਪਾਈਆਂ ।

'ਮੌਜੀ' ਏਥੇ ਕੌਣ ਪੁੱਛਦਾ ?
ਨਿਤ ਧੀਆਂ ਮਰਨ ਪਰਾਈਆਂ ।

ਲੋਕਾਂ ਭਾਵੇਂ ਸਾਉਣ ਵਸਿਆ,
ਸਾਡੇ ਹੰਝੂਆਂ ਨੇ ਝੜੀਆਂ ਲਾਈਆਂ ।

Sri Satguru Jagjit Singh Ji eLibrary NamdhariElibrary@gmail.com

ਵਰਿਆਮ ਅਗਸਤ—੧੯੮੭ ਜਿਲਦ ੧੩ ਅੰਕ : ੧੦
ਸੰਪਾਦਕ : ਜਗਦੀਸ਼ ਸਿੰਘ

ਸੰਪਾਦਕੀ

# ਕਦੀ ਸੋਚਿਆ ਵੀ ਨਹੀਂ ਸੀ

ਸੰਨ ਸੰਤਾਲੀ ਵਿਚ ਦੇਸ਼ ਦੀ ਵੰਡ ਸਮੇਂ ਬਹੁਤ ਜੁਗ ਗਰਦੀ ਹੋਈ। ਹਿੰਦੂ-ਸਿੱਖਾਂ ਅਤੇ ਮੁਸਲਮਾਨਾਂ ਨੇ ਇਕ ਦੂਜੇ ਫਿਰਕੇ ਦਾ ਕਤਲੇਆਮ ਕੀਤਾ। ਔਰਤਾਂ ਦੀ ਬੇਪਤੀ ਹੋਈ, ਭਰੀਆਂ ਰੇਲ ਗੱਡੀਆਂ ਵਿਚ ਇਨਸਾਨਾਂ ਦਾ ਸਫਾਇਆ ਕੀਤਾ ਗਿਆ। ਪਰ ਫੇਰ ਵੀ "ਬਿਨਾਂ ਖੜਗ ਬਿਨਾਂ ਢਾਲ" ਆਜ਼ਾਦੀ ਆ ਗਈ ਅਤੇ ਸੋਚਿਆ ਗਿਆ ਕਿ ਇਹ ਸਭ ਬੀਤੇ ਸਮੇਂ ਦਾ ਜ਼ਹਿਰ ਸੀ ਜੋ ਵਗ ਗਿਆ ਹੈ। ਅਗੋਂ ਸੱਚ ਅਮਨ ਨਿਆਂ ਅਤੇ ਆਜ਼ਾਦੀ ਦਾ ਵਾਰਾ ਪਹਿਰਾ ਹੋਵੇਗਾ।

ਦੁਨੀਆ ਚੰਗੀ ਤਰ੍ਹਾਂ ਜਾਣਦੀ ਸੀ ਕਿ ਬੀਤੇ ਸਮਿਆਂ ਦੀ ਨਫਰਤ ਵਿਚ ਅੰਗਰੇਜ਼ ਹੁਕਮਰਾਨਾਂ ਦਾ ਵੱਡਾ ਹੱਥ ਸੀ। ਇਹੀ ਕਾਰਨ ਸੀ ਕਿ ਸੰਨ ਸੰਤਾਲੀ ਵਰਗਾ ਘਲੂਘਾਰਾ ਵਾਪਰਨ ਦਿਤਾ ਗਿਆ ਸੀ। ਸਾਡੀ ਸੋਚ ਸੀ ਕਿ ਆਜ਼ਾਦ ਭਾਰਤ ਵਿਚ ਹੋਰ ਕੁਝ ਭਾਵੇਂ ਹੋ ਜਾਵੇ ਪਰ ਫਿਰਕੂ ਫਸਾਦ ਜਾਂ ਹਿੰਸਾ ਹੁਣ ਬੀਤੇ ਦੀ ਗੱਲ ਬਣ ਗਈ ਹੈ। ਸਾਡੇ ਸੈਕੂਲਰਜ਼ਿਮ ਦਾ ਹੀ ਇਹ ਕ੍ਰਿਸ਼ਮਾ ਸੀ ਕਿ ਪਾਕਿਸਤਾਨ ਬਨਣ ਬਾਅਦ ਵੀ ਕਰੋੜਾਂ ਮੁਸਲਮਾਨਾਂ ਨੂੰ ਅਸੀਂ ਭਾਰਤ ਦਾ ਅੰਗ ਹੀ ਬਣਾਈ ਰਖਿਆ। ਆਪਣੇ ਵਿਧਾਨ ਵਿਚ ਵੀ ਅਸਾਂ ਇਸ ਧਰਮ ਨਿਰਪੇਖਤਾ ਨੂੰ ਮੁਖ ਸਤੰਭ ਵਜੋਂ ਦਰਜ ਕੀਤਾ। ਭਾਰਤ ਵਿਚ ਅਗੋਂ ਤੋਂ ਸ਼ਾਂਤੀ ਦਾ ਹੀ ਬੋਲ ਬਾਲਾ ਹੋਣਾ ਕਲਪਿਆ। ਅਹਿੰਸਾ ਫਸਾਦ ਅਤੇ ਲੁਟਮਾਰ ਇਸ ਕਰਕੇ ਨਹੀਂ ਸਨ ਹੋਣੇ ਕਿਉਂਕਿ ਕਿਸੇ ਵੀ ਕੀਮਤ ਤੇ ਭਾਰਤ ਦੀ ਸਰਕਾਰ ਇਹਨਾਂ ਨੂੰ ਬਰਦਾਸ਼ਤ ਨਹੀਂ ਕਰੇਗੀ। ਜਦ ਇਹਨਾਂ ਗੱਲਾਂ ਨੂੰ ਹਵਾ ਦੇਣ ਵਾਲਾ ਅੰਗਰੇਜ਼ ਹੀ ਇਥੇ ਨਹੀਂ ਰਿਹਾ ਤਾਂ ਇਹ ਭਾਂਬੜ ਮਚਣਗੇ ਕਿਵੇਂ। ਸਾਡੀ ਆਜ਼ਾਦ ਭਾਰਤ ਦੀ ਸਰਕਾਰ ਦਾ ਕਿਸੇ ਕੀਮਤ ਤੇ ਵੀ ਇਹ ਗੱਲ ਬਰਦਾਸ਼ਤ ਨਹੀਂ ਕਰੇਗੀ। ਅਸਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਬੱਸਾਂ ਵਿਚ ਨਿਰਦੋਸ਼ ਬੇਹਥਿਆਰੇ ਇਸਤਰੀ ਪੁਰਸ਼ ਮੁਸਾਫਰ ਮਾਰੇ ਜਾਇਆ ਕਰਨਗੇ ਅਤੇ ਸਰਕਾਰ ਬੇਬਸ ਤਮਾਸ਼ਬੀਨ ਬਣ ਕੇ ਰਹਿ ਜਾਵੇਗੀ। ਨਿੱਤ ਨਵੇਂ ਸ਼ਹਿਰ ਅਤੇ ਖਾਸ ਕਰਕੇ ਦਿੱਲੀ ਵਿਚ ਕਰਫਿਊ ਲਗਾ ਹੀ ਰਿਹਾ ਕਰੇਗਾ।

ਇਕ ਨਿਸ਼ਚਿਤ ਪੈਟਰਨ ਤਾਂ ਲੋਕਾਂ ਦੇ ਸਾਹਮਣੇ ਆ ਹੀ ਗਿਆ ਹੈ ਕਿ ਪਹਿਲਾਂ ਬੱਸਾਂ ਵਿਚ ਨਿਰਦੋਸ਼ ਲੋਕਾਂ ਨੂੰ ਮਾਰਿਆ ਜਾਂਦਾ ਹੈ ਪਰ ਕਾਤਲਾਂ ਦੀ ਸੂਹ ਤਕ ਨਹੀਂ ਲਗਦੀ ਅਤੇ ਫੇਰ ਮਰਨ ਵਾਲੇ ਫਿਰਕੇ ਦੇ ਹਜੂਮਾਂ ਦੇ ਹਜੂਮ ਇਕਠੇ ਹੋਕੇ ਹੋਰਨਾਂ ਫਿਰਕਿਆਂ ਦੇ ਲੋਕਾਂ ਨੂੰ ਕਤਲ ਕਰਕੇ ਜਾਇਦਾਦਾਂ ਲੁਟਦੇ ਅਤੇ ਘਰ ਬਾਹਰ ਸਾੜਦੇ ਹਨ। ਇਹ ਸਿਲਸਿਲਾ ਵਾਰ ਵਾਰ ਚਲਿਆ ਹੈ। ਇਹਨੂੰ ਕੌਣ ਰੋਕੇਗਾ। ਲੋਕ ਜਾਂ ਸਰਕਾਰ। ਲੋਕ ਤਾਂ ਵਿਚਾਰੇ ਬੇਬਸ ਹਨ ਉਹ ਤਾਂ ਮਰ ਰਹੇ ਹਨ। ਸਰਕਾਰ ਹੀ ਸਰਬ ਸਮਰਥ ਹੈ। ਜੇ ਅਸੀਂ ਪਹਿਲਾਂ ਫਸਾਦਾਂ ਦੀ ਜ਼ਿਮੇਵਾਰੀ ਅੰਗਰੇਜ਼ ਹਕੂਮਤ ਦੇ ਸਿਰ ਸੁਟਦੇ ਸਾਂ ਤਾਂ ਅੱਜ ਅਮਨ ਕਾਇਮ ਰਖਣ ਦੀ ਜ਼ਿਮੇਵਾਰੀ ਵੀ ਤਾਂ ਭਾਰਤ ਦੀ ਆਜ਼ਾਦ ਜਮਹੂਰੀ ਸਰਕਾਰ ਦੀ ਹੈ। ਜਿਹੜੀ ਸਰਕਾਰ ਲੋਕਾਂ ਦੇ ਬਹੁਤ ਵੱਡੇ ਸਮਰਥਨ ਨਾਲ ਕਾਇਮ ਹੋਈ ਹੋਵੇ ਉਹ ਏਡੀ ਬੇਬਸ ਕਿਉਂ ਹੋਵੇ ?

ਅਸੀਂ ਸਰਕਾਰ ਦੀ ਨੀਯਤ ਤੇ ਸ਼ੱਕ ਨਹੀਂ ਕਰਦੇ ਨਾ ਇਸ ਦੇ ਲੀਡਰਾਂ ਦੀ ਤੇ ਪਰ ਅਸੀਂ ਇਹਨਾਂ ਦੀ ਅਹਿਲੀਅਤ ਤੇ ਸ਼ਕ ਜ਼ਰੂਰ ਕਰ ਸਕਾਂਗੇ। ਇਹ ਛੋਟੀ ਗੱਲ ਨਹੀਂ। ਇਹ ਮਸਲਾ ਪੰਜਾਬ ਦਾ ਜਾਂ ਕਿਸੇ ਹੋਰ ਥਾਂ ਦਾ ਨਹੀਂ ਸਗੋਂ ਭਾਰਤੀ ਗਣਤੰਤਰ ਦੀ ਬੁਨਿਆਦ ਹਿਲੀ ਪਈ ਹੈ। ਜ਼ਰਾ ਸੋਚੋ ਜੇ ਲੋਕਾਂ ਦੇ ਕਿੰਨੇ ਵੱਡੇ ਸਮਰਥਨ ਨਾਲ ਸਰਕਾਰ ਹੋਂਦ ਵਿਚ ਆਈ ਹੋਵੇ ਅਤੇ ਉਹ ਯੋਗ ਨਾ ਹੋਵੇ ਤਾਂ ਫਿਰ ਇਸ ਦੁਨੀਆ ਦੀ ਸਭ ਤੋਂ ਵਡੀ ਜਮਹੂਰੀਅਤ ਦਾ ਕੀ ਬਣੂ। ਲੋਕ ਕਿਸ ਤੇ ਵਿਸ਼ਵਾਸ ਕਰਨਗੇ। ਅਰਾਜਕਤਾ ਨਹੀਂ ਫੈਲੇਗੀ ਤਾਂ ਹੋਰ ਕੀ ਹੋਵੇਗਾ। ਪਿਛੇ ਜਿਹੇ ਹਰਿਆਣੇ ਵਿਚ ਹੋਈਆਂ ਚੋਣਾਂ ਵਿਚ ਲੋਕ ਦਲ ਨੇ ਹੂੰਝਾ ਫੇਰ ਦਿਤਾ ਹੈ। ਕੁਝ ਬੁਧੀਜੀਵੀ ਵਿਅੰਗਾਤਮਕ ਗੱਲਾਂ ਨਾਲ ਸਿਆਸੀ ਮੰਚ ਤੇ ਟਿੱਪਣੀ ਕਰ ਰਹੇ ਸਨ। ਅਖੇ ਇਹ ਸਰਕਾਰ ਵੀ ਡਿਗ ਸਕਦੀ ਹੈ ਕਿਉਂਕਿ ਜਿਸ ਰਾਜ ਵਿਚ ਹਿੰਸਾ ਹੋਵੇ ਉਹ ਭਾਵੇਂ ਕਿੰਨਾ ਸਮਰਥਨ ਲੈਕੇ ਆਈ ਹੋਵੇ, ਗਵਰਨਰੀ ਰਾਜ ਲਾਇਆ ਜਾ ਸਕਦਾ ਹੈ ਜਿਵੇਂ ਪੰਜਾਬ 'ਚ ਹੋਇਆ ਹੈ। ਇਸ ਲੁਕਵੇਂ ਵਿਅੰਗ ਵਿਚ ਬਹੁਤ ਡੰਗ ਹੈ।

ਸਾਡੇ ਦੇਸ਼ ਦੀ ਤ੍ਰਾਸਦੀ ਹੈ ਕਿ ਇਥੇ ਕੇਵਲ ਸੂਬਾਈ ਸਰਕਾਰਾਂ ਦੀ ਕਾਰਕਰਦਗੀ ਹੀ ਨਾਪੀ ਜਾਂਦੀ ਹੈ। ਕੇਂਦਰੀ ਸਰਕਾਰ ਦੀ ਪਾਰਸਾਈ ਤਾਂ ਸ਼ੱਕ ਤੋਂ ਉਪਰ ਹੈ। ਦੇਸ਼ ਵਿਚ ਜੋ ਵੀ ਚੰਗਾ ਵਾਪਰ ਰਿਹਾ ਹੈ ਉਸ ਦਾ ਸਿਹਰਾ ਕੇਂਦਰ ਦੇ ਸਿਰ ਹੈ ਅਤੇ ਜੋ ਮਾੜਾ ਹੋ ਰਿਹਾ ਹੈ ਉਸ ਦੇ ਦੋਸ਼ੀ ਪ੍ਰਾਂਤਕ ਲੋਕ ਹਨ। ਕਿਥੋਂ ਲਭੀਏ ਮਹਾਤਮਾ ਗਾਂਧੀ ਨੂੰ ਜੋ ਸਿਆਸੀ ਜੀਵਨ ਵਿਚ ਵੀ ਸੱਚਾਈ ਨੂੰ ਸਿਰਮੌਰ ਰਖਦੇ ਸਨ।


Sri Satguru Jagjit Singh Ji eLibrary NamdhariElibrary@gmail.com

ਪਿਛਲੇ ਚਾਲੀਆਂ ਸਾਲਾਂ ਵਿਚ ਭਾਰਤ ਨੇ ਹਰ ਪੱਖ ਤੋਂ ਵਿਕਾਸ ਕੀਤਾ ਹੈ। ਤਰੱਕੀ ਦੇ ਰਾਹ ਵਿਚ ਨਵੇਂ ਮੀਲ ਪੱਥਰ ਗੱਡੇ ਹਨ। ਇਸ ਤਰੱਕੀ ਅਤੇ ਖੁਸ਼ਹਾਲੀ ਦੇ ਦੌਰ ਵਿਚ ਸਿਆਸਤਦਾਨਾਂ ਦੀ ਦੌਲਤ ਅਤੇ ਜਾਇਦਾਦ ਦਾ ਵੀ ਵਿਕਾਸ ਹੋਇਆ ਹੈ। ਇਹਨਾਂ ਦੇ ਵਾਰੇ ਨਿਆਰੇ ਹੋ ਗਏ ਹਨ। ਕੋਠੀਆਂ ਬੰਗਲੇ ਬੈਂਕ ਬੈਲੈਂਸ ਵਧੇ ਹਨ। ਦੌਲਤ ਦਾ ਏਨਾ ਫੈਲਾ ਹੋਇਆ ਕਿ ਵਿਦੇਸ਼ਾਂ ਦੇ ਗੁਪਤ ਬੈਂਕਾਂ ਤੱਕ ਜਮਾ ਖਾਤੇ ਹਨ। ਹੁਣ ਭਾਰਤ ਦਾ ਪ੍ਰਤੀਕ ਲੰਗੋਟੀਧਾਰੀ ਗਾਂਧੀ ਨਹੀਂ ਸਗੋਂ ਮਾਇਆਧਾਰੀ ਸਿਆਸਤਦਾਨ ਹੈ।

ਸਭ ਕੁਝ ਹੈ ਪਰ ਗਾਂਧੀ ਜੀ ਵਾਲੇ ਸੱਚ ਨੂੰ ਹੀ ਤਿਲਾਂਜਲੀ ਦਿਤੀ ਹੈ। ਹੋਰ ਕੁਝ ਸਿਖਿਆ ਹੋਵੇ ਭਾਵੇਂ ਨਾ ਪਰ ਦੇਸ਼ ਦੇ ਨੇਤਾਵਾਂ ਨੇ ਹੁਸ਼ਿਆਰੀ ਜ਼ਰੂਰ ਸਿਖੀ ਹੈ।

ਦੇਸ਼ ਦੀ ਸਭ ਤੋਂ ਵਡੀ ਪਾਰਟੀ ਦੀ ਜਮਹੂਰੀਅਤ ਦਾ ਇਹ ਹਾਲ ਹੈ ਕਿ ਲੰਮੇ ਸਮੇਂ ਤੋਂ ਇਸ ਦੀਆਂ ਆਪਣੀਆਂ ਚੋਣਾਂ ਹੀ ਨਹੀਂ ਹੋਈਆਂ। ਅਜੇ ਤਕ ਇਕ ਵੀ ਬੰਦਾ ਨਹੀਂ ਮਿਲਿਆ ਜੋ ਇਸ ਦੇ ਪਰਧਾਨ ਕਾਰਜ ਦਾ ਭਾਰ ਮੋਢਿਆਂ ਤੇ ਚੁਕ ਕੇ ਪ੍ਰਧਾਨ ਮੰਤਰੀ ਜੀ ਨੂੰ ਇਸ ਜੁਮੇਵਾਰੀ ਵਲੋਂ ਵੇਹਲਿਆਂ ਕਰਕੇ ਦੇਸ਼ ਦੇ ਹੋਰ ਕਾਰਜਾਂ ਵਲ ਵਧ ਧਿਆਨ ਦੇਣ ਦੇ ਸਮਰਥ ਬਣਾਏ।

ਦੇਸ਼ ਦੀ ਜਮਹੂਰੀਅਤ ਦੀਆਂ ਚੂਲਾਂ ਹਿਲ ਚੁਕੀਆਂ ਹਨ ਇਸ ਨੂੰ ਸਚਾਈ ਅਤੇ ਇਮਾਨਦਾਰੀ ਦੇ ਗੁੱਝੇ ਠੋਕਣ ਦੀ ਲੋੜ ਹੈ ਪਰ ਅੱਜ ਤੱਕ ਤਾਂ ਹੱਕ ਸੱਚ ਤੇ ਚਲਣ ਵਾਲਿਆਂ ਨੂੰ ਵੀ ਚਲਤਾ ਕਰਕੇ ਕੁਰਸੀ ਬਚਾਉਣ ਦੇ ਜਤਨ ਹਨ। ਕੁਰਸੀ ਤਾਂ ਦੂਸਰਿਆਂ ਲੋਕਾਂ ਤੋਂ ਬਚਾਉਣਾ ਸਿਆਸੀ ਲੀਡਰ ਦਾ ਹੱਕ ਹੈ ਪਰ ਇਹ ਦੇਖਣਾ ਵੀ ਤਾਂ ਫਰਜ਼ ਹੈ ਕਿ ਕੁਰਸੀ ਯੁਧ ਵਿਚ ਕੁਰਸੀ ਕਿਸੇ ਦੇ ਵੀ ਬਹਿਣ ਯੋਗ ਰਹਿ ਵੀ ਸਕਦੀ ਹੈ ਕਿ ਨਹੀਂ।

ਜਿੰਨੀ ਦੇਰ ਸਿਆਸਤ ਵਿਚ ਸੱਚਾਈ ਅਤੇ ਇਮਾਨਦਾਰੀ ਨਹੀਂ ਵਰਤੀ ਜਾਂਦੀ ਉਹਨੀ ਦੇਰ ਤਕ ਇਹ ਅਰਾਜਕਤਾ ਵੀ ਰਹੇਗੀ ਅਤੇ ਘਲੂਘਾਰੇ ਵੀ ਹੋਣਗੇ। ਦੇਸ਼ ਦੇ ਲੀਡਰਾਂ ਨੂੰ ਇਮਾਨਦਾਰ ਤੇ ਸੱਚੇ ਹੋਣ ਦੇ ਨਾਲ ਨਾਲ ਅਜਿਹੀ ਦਿਖ ਵੀ ਰਖਣੀ ਪਵੇਗੀ।

ਇਸ ਚਿੰਤਾਜਨਕ ਸਥਿਤੀ ਚੋਂ ਨਿਕਲਣ ਲਈ ਕੀ ਓਨਾ ਚਿਰ ਉਡੀਕਣਾ ਪਵੇਗਾ ਜਦੋਂ ਤਕ ਖੁਦ ਲੋਕ ਸੋਚਵਾਨ ਸਿਆਣੇ ਨਹੀਂ ਬਣਦੇ। ਕਿਉਂਕਿ ਸਰਕਾਰ ਨੂੰ ਕੀ ਲੋੜ ਪਈ ਹੈ ਕਿ ਉਹ ਲੋਕਾਂ ਨੂੰ ਸਿਆਣੇ ਬਣਾਵੇ।

—ਜਗਦੀਸ਼ ਸਿੰਘ


## ਵਰਿਆਮ ਦੇ ਦਰ

| | |
|---|---|
| ਇਕ ਪ੍ਰਤੀ | ੩.੦੦ ਰੁਪਏ |
| ਸਾਲਾਨਾ ਚੰਦਾ | ੩੦.੦੦ ,, |
| ਤਿੰਨ ਸਾਲ ਵਾਸਤੇ | ੮੦.੦੦ ,, |
| ਚਾਰ ,, ,, | ੧੦੦.੦੦ ,, |
| ਪੰਜ ,, ,, | ੧੨੫.੦੦ ,, |
| ਉਮਰ ਭਰ ਵਾਸਤੇ | ੩੦੦.੦੦ ,, |

| | | |
|---|---|---|
| ਥਾਈਲੈਂਡ : | ਹਵਾਈ ਡਾਕ | ੨੦੦-੦੦ ,, |
| | ਸਮੁੰਦਰੀ | ੮੦-੦੦ ,, |
| ਅਰਬ-ਅਫਰੀਕਾ ਤੇ ਯੂਰਪ | ਹਵਾਈ ਡਾਕ | ੨੫੦-੦੦ ,, |
| | ਸਮੁੰਦਰੀ | ੮੦-੦੦ ,, |
| ਅਮਰੀਕਾ : ਕਨੇਡਾ : | ਹਵਾਈ ਡਾਕ | ੩੦੦-੦੦ ,, |
| | ਸਮੁੰਦਰੀ ਡਾਕ | ੮੦-੦੦ ,, |



ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
(ਨੇੜੇ ਮਦਨ ਫਲੋਰ ਮਿਲ)
ਜਲੰਧਰ-੧੪੪੦੦੧
ਫੋਨ : ੭੧੨੦੪ ਪੀ. ਪੀ.
ਫੋਨ : ੭੭੩੫੬ ਪੀ.ਪੀ.

Office Address
Monthly WARIAM
(Punjabi)
Ladowali Road
(Near Madan Flour Mill
Jalandhar-144001
Phone : 71204 PP
77356 PP


## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।


ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।




Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਹਿੰਦੀ ਕਵਿਤਾ :

# ਉਦਾਸ ਭੂਮੀ ਕਾ ਗੀਤ

—ਨੂਰ ਸੰਤੋਖਪੁਰੀ—

ਦੀਪ ਨਾ ਜਲਾਓ ਬੁਝਾ ਦੀਯੇ ਜਾਏਂਗੇ।
ਘਰ ਨਾ ਬਨਾਓ ਗਿਰਾ ਦੀਯੇ ਜਾਏਂਗੇ।

ਰਹਿਨੇ ਦੋ ਸੂਨੀ ਇੱਛਾਓਂ ਕੀ ਭੂਮੀ,
ਪੇੜ ਨਾ ਉਗਾਓ ਜਲਾ ਦੀਯੇ ਜਾਏਂਗੇ।

ਅਪਨੇ ਹਿੱਸੇ ਕੀ ਆਜਾਦੀ ਮਾਂਗਨੇ ਵਾਲੇ,
ਸੰਸਦ ਸੇ ਪਰੇ ਭਗਾ ਦੀਯੇ ਜਾਏਂਗੇ।

ਹਤਿਆਓਂ ਕੀ ਸੰਖਿਆ ਪੂਛਨੇ ਵਾਲੇ,
ਕਹੀਂ ਨਾ ਕਹੀਂ ਦਫ਼ਨਾ ਦੀਯੇ ਜਾਏਂਗੇ।

ਔਰੋਂ ਕੇ ਅਸਤਿੱਤਵ ਕਾ ਆਧਾਰ ਯੇ ਲੋਗ,
ਦੇਖਨਾ ਕਿਸੀ ਦਿਨ ਮਿਟਾ ਦੀਯੇ ਜਾਏਂਗੇ।

ਸਬ ਰਹੱਸਯ ਇਨ ਗੁਪਤ ਸਮਝੌਤੋਂ ਕੇ,
ਕਹੀਂ ਨਾ ਕਹੀਂ ਛੁਪਾ ਦੀਯੇ ਜਾਏਂਗੇ।

ਹਾਥੋਂ ਕੋ ਕਹੀਯੇ ਨਾ ਉਠੇਂ ਝੂਠ ਕੇ ਵਿਰੁਧ,
ਨਹੀਂ ਤੋਂ ਕਭੀ ਕਟਵਾ ਦੀਯੇ ਜਾਏਂਗੇ।

ਮਤ ਲਿਖੀਯੇ ਕੋਈ ਕਹਾਨੀ ਫੰਦੋਂ ਕੀ,
ਆਪਕੇ ਗਲੇ ਮੇਂ ਡਲਵਾ ਦੀਯੇ ਜਾਏਂਗੇ।

ਘਰ ਜਾਕੇ ਦੇਖੀਯੇ ਸ਼ਾਮ ਕੋ ਟੀ. ਵੀ.,
ਜ਼ਖਮ ਪੰਜਾਬ ਕੇ ਦਿਖਾ ਦੀਯੇ ਜਾਏਂਗੇ।

# ਗ਼ਜ਼ਲ

—ਕਰਤਾਰ ਸਿੰਘ ਪੰਛੀ—

ਤੁਰਦਾ ਹੀ ਜਾ ਰਿਹਾ ਹੈ, ਇਨਸਾਨ ਅੱਗੇ ਅੱਗੇ।
ਧਰਤੀ ਹੈ ਪਿੱਛੇ ਪਿੱਛੇ, ਅਸਮਾਨ ਅੱਗੇ ਅੱਗੇ।

ਨਿਰਧਨ ਦੀ ਸੋਚ ਉੱਤੇ, ਫਿਕਰਾਂ ਦਾ ਬੋਝ ਡਾਢਾ,
ਬੇਫ਼ਿਕਰ ਹੋ ਰਿਹਾ ਹੈ, ਧਨਵਾਨ ਅੱਗੇ ਅੱਗੇ।

ਫਿਰਦਾ ਹੈ ਦਨਦਨਾਂਦਾ, ਸ਼ੈਤਾਨ ਚੌਹੀਂ ਪਾਸੀਂ,
ਸ਼ੈਤਾਨ ਨੇ ਹੈ ਲਾਇਆ, ਭਗਵਾਨ ਅੱਗੇ ਅੱਗੇ।

ਹੱਟ ਜਾਏਗੀ ਗ਼ਰੀਬੀ, ਹੱਟ ਜਾਏਗੀ ਗ਼ਰੀਬੀ,
ਨੇਤਾ ਜੀ ਕਰ ਰਹੇ ਨੇ, ਫ਼ਰਮਾਨ ਅੱਗੇ ਅੱਗੇ।

ਉਲਫ਼ਤ ਦੇ ਕਰਨ ਵਾਲੇ, ਝੱਲਣਗੇ ਹੱਸਦੇ ਹੱਸਦੇ,
ਉੱਠਣਗੇ ਹੋਰ ਜਿਹੜੇ, ਤੂਫ਼ਾਨ ਅੱਗੇ ਅੱਗੇ।

ਮਰ ਮਰ ਕੇ, ਜੀਣ ਖਾਤਰ, ਕਰਦੇ ਹਾਂ ਰੋਜ਼ ਹੀਆ
ਕਾਤਿਲ ਨੇ ਹੋਰ ਵਾਹੀ, ਕ੍ਰਿਪਾਨ ਅੱਗੇ ਅੱਗੇ।

'ਪੰਛੀ' ਨੂੰ ਕੌਣ ਪੁੱਛਦੈ? ਇਹ ਮਿਹਰ ਮਿੱਤਰਾਂ ਦੀ,
ਕਹਿੰਦੇ ਨੇ ਆਓ ਬੈਠੋ, ਪ੍ਰਧਾਨ ਅੱਗੇ ਅੱਗੇ।

# ਗ਼ਜ਼ਲ

—ਮਹਿੰਦਰ ਭੱਟੀ—

ਆਪ ਭੀ ਜਲ ਜਾਓਗੇ, ਲਾਂਬੂ ਨਾ ਲਾਓ, ਰਹਿਬਰੋ!
ਅੱਗ ਵੱਧਦੀ ਆ ਰਹੀ, ਖੁਦ ਨੂੰ ਬਚਾਓ, ਰਹਿਬਰੋ!

ਖੂਨ ਦਾ ਰੰਗ ਇਕ ਹੈ, ਹਿੰਦੂ ਤੇ ਭਾਵੇਂ ਸਿਖ ਹੈ,
ਖੂਨ ਵਿਚ ਨਾ ਫ਼ਰਕ ਪਾਓ, ਰਹਿਮ ਖਾਓ, ਰਹਿਬਰੋ!

ਰੁੱਖ ਸਾਂਝਾ, ਛਾਂ ਵੀ ਸਾਂਝੀ, ਹੱਕ ਸਭ ਦਾ ਏਸ ਤੇ,
ਛਾਂਗੋ ਨਾ ਟਾਹਣਾਂ ਏਹਦੀਆਂ, ਕੁਝ ਖੌਫ਼ ਖਾਓ, ਰਹਿਬਰੋ!



Sri Satguru Jagjit Singh Ji eLibrary NamdhariElibrary@gmail.com

# ਸਰਮਦ ਦਾ ਕਲਾਮ

ਸੂਫ਼ੀ ਸ਼ਹੀਦ ਸਰਮਦ ਜਿਸ ਨੂੰ ਔਰੰਗਜ਼ੇਬ ਦੇ ਰਾਜ ਵਿਚ ਕਤਲ ਕੀਤਾ ਗਿਆ, ਇਕ ਚੰਗਾ ਦਰਵੇਸ਼ ਸ਼ਾਇਰ ਵੀ ਸ਼ੀ। ਉਸਦੇ ਫਾਰਸੀ ਕਲਾਮ ਦਾ ਅਨੁਵਾਦ ਪਰਸਿਧ ਕਵੀ ਸਵ: ਸੂਬਾ ਸਿੰਘ ਨੇ ਕੀਤਾ ਸੀ ਜਿਸ ਨੂੰ ਪੰਜਾਬੀ ਯੂਨੀ-ਵਰਸਿਟੀ ਨੇ ਅਤੇ ਮੁੜ ਰਾਧਾਸਵਾਮੀ ਸਤਿਸੰਗ ਬਿਆਸ ਨੇ ਪ੍ਰਕਾਸ਼ਤ ਕੀਤਾ। ਸਰਮਦ ਦੀਆਂ ਇਹ ਰਚਨਾਵਾਂ ਵਰਿਆਮ ਦੇ ਪਾਠਕਾਂ ਵਾਸਤੇ ਪ੍ਰਕਾਸ਼ਤ ਕਰਦਿਆਂ ਤਸੱਲੀ ਅਨੁਭਵ ਕਰ ਰਹੇ ਹਾਂ। ਲੇਖਕ, ਅਨੁਵਾਦਕ ਅਤੇ ਪ੍ਰਕਾਸ਼ਕਾਂ ਪ੍ਰਤੀ ਨਿਰਸੰਦੇਹ ਆਭਾਰੀ ਹਾਂ। —ਸੰਪਾਦਕ

ਆ ਜਾ ਰੱਬ ਦੇ ਵਾਸਤੇ ਕੋਲ ਮੇਰੇ,
ਮੇਰੇ ਦਿਲ ਦਿਲਗੀਰ ਨੂੰ ਸ਼ਾਦ ਕਰਦੇ।
ਮੇਰੇ ਨਾਲ ਇਕਰਾਰ ਸੀ ਜੋ ਕੀਤੇ,
ਪੂਰੇ ਕਰਕੇ ਤੂੰ ਪੂਰੀ ਮੁਰਾਦ ਕਰਦੇ।
ਹਥੋਂ ਕਦੇ ਇਨਸਾਫ ਨੂੰ ਛੱਡੀਏ ਨਾ,
ਮੇਰੀ ਯਾਦ ਨੂੰ ਫੇਰ ਆਬਾਦ ਕਰਦੇ।
ਸਾਈਆਂ ਤੋੜ ਦੇ ਸਾਰਿਆਂ ਸੰਗਲਾਂ ਨੂੰ,
ਮੈਨੂੰ ਪੰਛੀਆਂ ਵਾਂਗ ਆਜ਼ਾਦ ਕਰਦੇ।

———

ਗਲ ਸਦਾ ਮਸੀਤਾਂ ਤੇ ਮੰਦਰਾਂ ਦੀ,
ਹਰ ਥਾਂ ਤੇ 'ਸਰਮਦਾ' ਨਾ ਕਰੀਏ।
ਉਹ ਥਾਂ ਹੈ ਰਾਹਾਂ ਤੋਂ ਭੁਲਿਆਂ ਦੀ,
ਵਾਦੀ ਸੰਸੇ ਦੀ ਕਦੇ ਨਾ ਪੈਰ ਧਰੀਏ।
ਸਬਕ ਲਈਏ ਸ਼ੈਤਾਨ ਤੋਂ ਬੰਦਗੀ ਦਾ,
ਹੋਰ ਕਿਸੇ ਦੀ ਹਾਜ਼ਰੀ ਨਾ ਭਰੀਏ।
ਇਕੋ ਇਸ਼ਟ ਨੂੰ ਟੇਕੀਏ ਸਦਾ ਮੱਥਾ,
ਸਜਦੇ ਗੈਰ ਦੇ ਦਰਾਂ ਤੇ ਨਾ ਕਰੀਏ।

———

ਆ ਮਿੱਤਰਾ। ਏਸ ਜਮਾਨੇ ਦੇ ਵਿਚ,
ਜਿੰਨੀ ਹੁੰਦੀ ਏ ਨੇਕੀ ਦੀ ਕਾਰ ਕਰ ਲੈ।
ਚਾਰ ਸਾਹਾਂ ਦੀ ਜ਼ਿੰਦਗੀ ਮਿਲੀ ਤੈਨੂੰ,
ਤੰਗ ਕਰ ਨਾ ਕਿਸੇ ਨੂੰ ਪਿਆਰ ਕਰ ਲੈ।
ਇਹਦੇ ਨਾਲ ਦੀ ਹੋਰ ਨਾ ਕੋਈ ਨੇਕੀ,
ਖੁਸ਼ ਕੋਈ ਦਰਵੇਸ਼ ਦਿਲਦਾਰ ਕਰ ਲੈ।
ਦੁਖਾਂ ਦਰਦਾਂ ਦਾ ਮਾਰਿਆ ਕੋਈ ਹੋਵੇ,
ਹੌਲਾ ਓਸ ਦੇ ਗ਼ਮਾਂ ਦਾ ਭਾਰ ਕਰ ਲੈ।

———

ਬਚ ਕੇ ਰਹਿਣਾ ਈਂ ਈਰਖਾ ਵਾਲਿਆਂ ਤੋਂ
ਇਹਨਾਂ ਯਾਰਾਂ ਤੋਂ ਮੁਖ ਤੂੰ ਮੋੜਨਾ ਈਂ।
ਅਖਾਂ ਖੋਹਲ ਕੇ ਵੇਖ ਇਹ ਹੈਨ ਪੱਥਰ,
ਦਿਲ ਦੇ ਸ਼ੀਸੇ ਨੂੰ ਇਹਨਾਂ ਨੇ ਤੋੜਨਾ ਈਂ।
ਏਸ ਲਾਣੇ ਦੀ ਸੁਹਬਤ ਤੋਂ ਦੂਰ ਰਹਿਣਾ,
ਜੀਅ ਇਹਨਾਂ ਵਲ ਜਾਏ ਤਾਂ ਹੋੜਨਾ ਈਂ।
ਡਰ ਕੇ ਇਹਨਾਂ ਤੋਂ ਰਹਿਣ ਵਿਚ ਭਲਾ ਤੇਰਾ
ਛਾਪਾ ਇਹ ਨ ਕਦੇ ਚੰਬੋੜਨਾ ਈਂ।

———

ਯਾਰ ਲੋਕ ਨੇ ਕਿੰਨੇ ਚਾਲਾਕ ਅੱਜ ਕੱਲ,
ਦੋਹਾਂ ਪਾਸਿਆਂ ਵੱਲ ਧਿਆਨ ਰਖਦੇ।
ਇਕ ਪਾਸੇ ਤਾਂ ਕੁਫਰ ਦੀ ਭਰਨ ਹਾਮੀ,
ਦੂਜੇ ਬਗਲ ਦੇ ਵਿਚ ਕੁਰਾਨ ਰਖਦੇ।
ਬੈਠੇ ਰਹਿਣ ਸ਼ਤਰੰਜ ਦੇ ਜਿਵੇਂ ਮੋਹਰੇ,
ਸ਼ਾਤਰ ਬਹੁਤ ਪਛਾਣ ਪਛਾਣ ਰਖਦੇ।
ਇਕ ਦੂਸਰੇ ਤੇ ਵਾਰ ਕਰਨ ਖਾਤਰ,
ਖਿੱਚੀ ਸਾਜ਼ਸ਼ੀ ਸਦਾ ਕਮਾਨ ਰਖਦੇ।

———

ਖੁਸ਼ੀਆਂ ਮਾਣਦੇ ਰੱਜ ਕੇ ਲੋਕ ਸਾਰੇ,
ਦੁਨੀਆ ਦੀਨ ਦੀ ਪਾ ਕੇ ਦਾਤ ਸਾਈਆਂ।
ਮੈਨੂੰ ਖੁਸ਼ੀ ਪਰ ਬਹੁਤ ਕਮਾਲ ਹੋਵੇ,
ਜੇਕਰ ਦੋਹਾਂ ਤੋਂ ਮਿਲੇ ਨਿਜਾਤ ਸਾਈਆਂ।
ਪਿਆਰ ਆਪਣੀ ਜ਼ਾਤ ਦਾ ਬਖਸ਼ ਮੈਨੂੰ,
ਮੇਰੀ ਮੇਟ ਦੇ ਜ਼ਾਤ—ਸਿਫਾਤ ਸਾਈਆਂ।
ਜਲਵਾਗਰਾਂ ਨੂੰ ਲੋੜ ਕੀ ਪਰਦਿਆਂ ਦੀ ?
ਜ਼ਰਾ ਬਾਹਰ ਨੂੰ ਮਾਰ ਖਾਂ ਝਾਤ ਸਾਈਆਂ।

———


Sri Satguru Jagjit Singh Ji eLibrary NamdhariElibrary@gmail.com

ਜਿਸ ਅੱਲਾ ਨੇ ਮਿਹਰ ਦੀ ਨਜ਼ਰ ਕਰਕੇ,
ਤੈਨੂੰ ਯਾਰਾ ਸੁਲਤਾਨੀਆਂ ਦਿੱਤੀਆਂ ਨੇ।
ਪੱਲੇ ਮੇਰੇ ਮੁਸੀਬਤਾਂ ਪਾ ਓਹਨੇ,
ਮੈਨੂੰ ਦਰਦ ਨਿਸ਼ਾਨੀਆਂ ਦਿਤੀਆਂ ਨੇ।
ਐਬ ਕਰਦਿਆਂ ਨੂੰ ਕਜਣ ਬਖਸ਼ ਦਿਤੇ,
ਹੋਰ ਤਨ-ਆਸਾਨੀਆਂ ਦਿਤੀਆਂ ਨੇ।
ਐਬੋਂ ਸਖਣੇ ਸਾਨੂੰ ਹਮਾਤੜਾਂ ਨੂੰ,
ਓਹਨੇ ਸਿਰਫ ਉਰਿਆਨੀਆਂ ਦਿਤੀਆਂ ਨੇ।

———

ਮਹਿਮਾ ਓਸ ਇਨਸਾਨ ਦੀ ਰੱਬ ਵਰਗੀ,
ਜੀਹਨੇ ਹੱਕ ਹਕੀਕਤ ਦਾ ਭੇਦ ਪਾਇਆ।
ਖਿਲਰ ਗਿਆ ਪੁਲਾੜ ਦੇ ਵਿਚ ਸਾਰੇ,
ਓਹ ਨੀਲੇ ਅਸਮਾਨ ਤੇ ਜਾ ਛਾਇਆ।
ਮੁਲਾਂ ਆਖਿਆ ਪਾ ਕੇ ਡੰਡ ਏਦਾਂ,
ਅਹਿਮਦ ਉਪਰ ਅਸਮਾਨ ਦੇ ਵਲ ਧਾਇਆ।
''ਸਰਮਦ'' ਬੋਲਿਆ ਗੱਜ ਕੇ ਏਤਰਾਂ ਨਹੀਂ,
ਕੋਲ ਅਹਿਮਦ ਦੇ ਉਤਰ ਅਸਮਾਨ ਆਇਆ।

———

ਫਿਰਦਾ ਮੈਂ ਗੁਨਾਹਾਂ ਦੇ ਨਾਲ ਭਰਿਆ,
ਲਾਇਆ ਤੇਰੀਆਂ ਰਹਿਮਤਾਂ ਪਾਰ ਸਾਈਆਂ।
ਮੇਰੇ ਸਾਰਿਆਂ ਪਾਪਾਂ ਦਾ ਮੂਲ ਹੋਇਆ,
ਬਖਸ਼ੇ ਜਾਣ ਦਾ ਤੇਰਾ ਇਕਰਾਰ ਸਾਈਆਂ।
ਭਾਵੇਂ ਮੇਰੇ ਗੁਨਾਹ ਨੇ ਬਹੁਤ ਭਾਰੀ,
ਤੇਰੀ ਮਿਹਰ ਪਰ ਅਪਰ ਅਪਾਰ ਸਾਈਆਂ।
ਸਭਨੀਂ ਥਾਈਂ ਅਜ਼ਮਾ ਕੇ ਵੇਖਿਆ ਮੈਂ,
ਬਖਸ਼ਣਹਾਰ ਸਾਈਆਂ, ਬਖਸ਼ਣਹਾਰ ਸਾਈਆਂ।

———

'ਸਰਮਦ' ਮੰਦਿਆਂ ਕੰਮਾਂ ਤੇ ਕਿਉਂ ਝੂਰੇਂ,
ਕਾਹਨੂੰ ਫਿਕਰ ਗੁਨਾਹਾਂ ਦਾ ਮਾਰਦਾ ਈ।
ਜਦੋਂ ਰੱਬ ਰਹੀਮ ਨੇ ਫਜ਼ਲ ਕਰਨਾ,
ਕੰਮ ਬਖਸ਼ ਦੇਣਾ ਬਖਸ਼ਣਹਾਰ ਦਾ ਈ।
ਵੇਖ ਕੜਕਦੀ ਲਿਸ਼ਕਦੀ ਕਿਵੇਂ ਬਿਜਲੀ,
ਨਾਲੇ ਮੀਂਹ ਵਸੇ ਮੋਹਲੇਧਾਰ ਦਾ ਈ।
ਕਿਨਾਂ ਤੁੱਛ ਹੈ ਤੱਕ ਲੈ ਕਹਿਰ ਓਹਦਾ,
ਕਿੰਨਾ ਵਡੜਾ ਕਰਮ ਕਰਤਾਰ ਦਾ ਈ।

ਫਜ਼ਲ ਯਾਰ ਦਾ ਅਤੇ ਗੁਨਾਹ ਮੇਰੇ,
ਕੌਣ ਇਹਨਾਂ ਦਾ ਕਰਨਾ ਸ਼ੁਮਾਰ ਜਾਣੇ।
ਇਹ ਭੇਦ ਹਿਸਾਬ ਕੁੱਝ ਏਤਰਾਂ ਦਾ,
ਇਹਨੂੰ ਮੈਂ ਜਾਣਾ ਜਾਂ ਫਿਰ ਯਾਰ ਜਾਣੇ।
ਹੋਈ ਆਸ਼ਕ ਗੁਨਾਹ ਦੇ ਹੁਸਨ ਉਤੇ,
ਅੱਖ ਓਸ ਦੇ ਫਜ਼ਲ ਦੀ ਯਾਰ ਜਾਣੇ।
ਤੈਨੂੰ ਆਪਣੇ ਪਾਪਾਂ ਦਾ ਡਰ ਕਾਹਦਾ,
ਤੇਰੇ ਪਾਪ ਜਾਨਣ ਬਖ਼ਸ਼ਨਹਾਰ ਜਾਣੇ।

———

ਭਾਵੇਂ ਏਸ ਦੇ ਵਿਚ ਨਾ ਸ਼ੱਕ ਰਾਈ,
ਮੈਂ ਪਾਪ ਸਨ ਲੱਖ ਹਜ਼ਾਰ ਕੀਤੇ।
ਪਰ ਨਾ ਓਸ ਦੇ ਫ਼ਜ਼ਲ ਦਾ ਮੇਚ ਬੰਨਾ,
ਕਰਮ ਓਸ ਨੇ ਬੇ-ਸ਼ੁਮਾਰ ਕੀਤੇ।
ਏਸੇ ਮਿਹਰ ਨੇ ਸਾਈਆਂ ਤੂੰ ਸੱਚ ਜਾਣੀਂ,
ਪਾਪੀ ਮੇਰੇ ਵਰਗੇ ਸ਼ਰਮਸਾਰ ਕੀਤੇ।
ਪੂਰੀ ਉਤਰੇ ਤੋਲ ਤੇ ਗੱਲ ਮੇਰੀ,
ਬੇੜੇ ਤੂਹੀਓਂ ਗੁਨਾਹੀਆਂ ਦੇ ਪਾਰ ਕੀਤੇ।

———

ਤੇਰੀ ਮਿਹਰ ਦਾ ਇਕ ਦਰਿਆ ਵਗਦਾ,
ਜੀਹਦਾ ਨਹੀਂ ਕੰਢਾ ਆਰ ਪਾਰ ਕੋਈ ਨਾ।
ਦਿਲ ਤਕਦਾ ਉਹਨੂੰ ਹੈਰਾਨ ਹੋਇਆ,
ਜੀਭਾ ਸਕਦੀ ਸ਼ੁਕਰ ਗੁਜ਼ਾਰ ਕੋਈ ਨਾ।
ਇਹ ਠੀਕ ਹੈ ਬਹੁਤ ਗੁਨਾਹ ਮੇਰੇ,
ਤੇਰੇ ਫ਼ਜ਼ਲ ਦਾ ਵੀ ਪਾਰਾ ਵਾਰ ਕੋਈ ਨਾ।
ਤਕਦਾਂ ਮੈਂ ਗੁਨਾਹਾਂ ਦੇ ਸਾਗਰਾਂ ਵਿਚ,
ਮੇਰੇ ਨਾਲ ਦਾ ਵੀ ਗੁਨਾਹਗਾਰ ਕੋਈ ਨਾ।

———

ਮੈਨੂੰ ਆਪਣੇ ਐਬਾਂ ਨੇ ਮਾਰਿਆ ਹੈ,
ਕੀਤਾ ਹੋਰ ਨ ਕਿਸੇ ਤਬਾਹ ਮੈਨੂੰ।
ਬਾਝੋਂ ਫ਼ਜ਼ਲ ਖ਼ੁਦਾ ਦੇ ਹੋਰ ਕੋਈ,
ਨਹੀਂ ਦੇਵੇਗਾ ਕਦੇ ਪਨਾਹ ਮੈਨੂੰ।
ਮੈਂ ਮਾੜਾ ਤੇ ਤਗੜਾ ਸ਼ੈਤਾਨ ਬਾਹਲਾ,
ਕੋਈ ਸ਼ੱਕ ਨ ਲਏਗਾ ਢਾਹ ਮੈਨੂੰ।
ਅੱਲਾ ਬਾਝ ਨਾ ਸਰਬ ਸਮਰਥ ਕੋਈ,
ਓਹੀ ਦੇਵੇਗਾ ਸੁਖ ਦਾ ਸਾਹ ਮੈਨੂੰ।


Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT



CONCETE MIXER 7/5

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers

Phones : Office : 529033
Factory : 501973
Resi. : 536093

# BALWANT SINGH & SONS

Office : 4E/11 JHANDEWALA EXTN. NEW DELHI-110055

Factory : A 2/3, MAYA PURI, PHASE II Opp, C-70 NEW DELHI-110064



Sri Satguru Jagjit Singh Ji eLibrary NamdhariElibrary@gmail.com

# ਸਤਿਗੁਰਾਂ ਦਾ ਅਵਤਾਰ ਰੂਪ

—ਡਾ: ਅਮਰ ਭਾਰਤੀ

## ਸੁੰਨ ਸਮਾਧਿ-ਰੂਪ

... ਸਤਿਗੁਰਾਂ ਦੇ ਜਿਸ ਅਵਤਾਰ ਰੂਪ ਦੀ ਮਹਿਮਾ ਸ੍ਰੀ ਆਦਿ ਗ੍ਰੰਥ ਵਿਚ ਗਾਈ ਗਈ ਹੈ, ਧਾਰਮਕ, ਇਤਿਹਾਸ ਲੇਖਨ ਦੇ ਪੱਖ ਤੋਂ ਉਸ ਦਾ ਅਰੰਭ ਭਗਵਤ ਗੀਤਾ ਤੋਂ ਹੁੰਦਾ ਹੈ। ਗੀਤਾਕਾਰ ਦੇ ਸਿਧਾਂਤ ਅਨੁਸਾਰ ਪਰਮੇਸ਼ਰ ਖ਼ੁਦ ਜੁਗ ਪੁਰਸ਼ ਦੇ ਰੂਪ ਵਿਚ ਬਾਕਾਇਦਾ ਦੇਹ ਧਾਰ ਕੇ ਅਉਂਦਾ ਹੈ ਤੇ ਲੰਮੇ ਸਮੇਂ ਤਕ ਸਮਾਜ ਦੀ ਅਗਵਾਈ ਕਰਦਾ ਹੈ।

ਗੀਤਾ ਭਾਰਤ ਦੇ ਧਾਰਮਕ ਸਾਹਿਤ ਵਿਚ ਇਕ ਉਹ ਗ੍ਰੰਥ ਹੈ, ਜਿਸ ਰਾਹੀਂ ਪਰਮੇਸ਼ਰ ਨੂੰ ਦੇਹਧਾਰੀ ਗੁਰੂ ਦੇ ਸਾਖਸ਼ਾਤ ਸਰਗੁਣ, ਮਨੁੱਖੀ ਸਰੂਪ ਵਿਚ ਪ੍ਰਥਮ ਪੁਰਸ਼ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਬ੍ਰਹਮ ਬਾਰੇ ਚਿੰਤਨ ਵੇਦ ਦੇ ਅਨੇਕਾਂ ਦੇਵੀ-ਦੇਵਤਿਆਂ ਦੇ ਵਿਕਾਸ ਕਰਮ ਵਿਚੋਂ ਲੰਘ ਕੇ ਵੇਦਾਂਤ ਦੇ ਇਕੋ ਇਕ ਨਿਰਗੁਣ ਸਰਬ ਸ਼ਕਤੀਮਾਨ, ਸਰਬਵਿ-ਆਪੀ ਬ੍ਰਹਮ ਤਕ ਪੁਜ ਚੁਕਾ ਸੀ। ਆਤਮਾ-ਪਰਮਾਤਮਾ ਦੀ ਏਕਤਾ ਚਰਚਾ ਵਿਚ ਆ ਚੁਕੀ ਸੀ। ਪਰ ਇਹ ਸਵਾਲ ਅਜੇ ਹੱਲ ਹੋਣ ਵਾਲਾ ਸੀ ਕਿ ਆਖਿਰ ਉਹ ਕੌਣ ਹੈ ? ਕਿਹੋ ਜਿਹਾ ਹੈ ? ਜਿਹੜਾ ਇਸ ਸਾਰੀ ਸ੍ਰਿਸ਼ਟੀ ਦਾ ਹਰਤਾ ਕਰਤਾ ਹੈ। ਉਪਨਿਸ਼ਦ ਕਹਿੰਦੇ ਸਨ, ਉਹ ਅਰੂਪ ਹੈ, ਅਸੀਮ ਹੈ। ਅਸੀਂ ਪ੍ਰਕਿਤੀ ਦੀ ਸੀਮਾਂ ਵਿਚ ਹਾਂ। ਇਸ ਲਈ ਅਸੀਂ ਉਸ ਅਸੀਮ ਨੂੰ ਜਾਣ ਨਹੀਂ ਸਕਦੇ, ਵੇਖ ਨਹੀਂ ਸਕਦੇ। ਕੇਵਲ ਮਹਿਸੂਸ ਕਰ ਸਕਦੇ ਹਾਂ। ਉਸ ਦੇ ਸਰਗੁਣੀ ਪਸਾਰੇ ਤੋਂ ਪ੍ਰਕਿਤੀ ਦੇ ਕਾਰੋਬਾਰ ਤੋਂ। ਜੇ ਉਸ ਦੇ ਅਸਲ ਸੁੰਨ ਸਮਾਧ ਜਾਂ ਨਿਰੰਕਾਰ ਰੂਪ ਵਿਚ ਵੇਖਣਾ ਜਾਨਣਾ ਚਾਹੋ ਤਾਂ ਉਹ ਮੁਮਕਿਨ ਨਹੀਂ, ਕਿਉਂਕਿ ਉਸ ਦਾ ਉਹ ਰੂਪ, ਰੂਪ ਹੀ ਨਹੀ। ਸਤਿਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਦੇ ਉਸ ਸਰੂਪ ਨੂੰ ਇਹਨਾਂ ਸ਼ਬਦਾਂ ਵਿਚ ਬਿਆਨ ਕੀਤਾ ਹੈ :

ਅਰਬਦ ਨਰਬਦ ਧੁੰਧੂਕਾਰਾ ॥
ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥
ਖਾਣੀ ਨ ਬਾਣੀ ਪਉਣ ਨ ਪਾਣੀ ॥
ਓਪਤਿ ਖਪਤਿ ਨ ਆਵਣ ਜਾਣੀ ॥
ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥
ਨ ਤਦਿ ਸੁਰਗੁ ਮਛੁ ਪਇਆਲਾ ॥
ਦੋਜਕੁ ਭਿਸਤੁ ਨਹੀ ਖੈ ਕਾਲਾ ॥
ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ॥
ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥
ਅਵਰੁ ਨ ਦੀਸੈ ਏਕੋ ਸੋਈ ॥
ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ ॥
ਨਾ ਤਦਿ ਜਤੀ ਸਤੀ ਬਨਵਾਸੀ ॥
ਨਾ ਤਦਿ ਸਿਧ ਸਾਧਿਕ ਸੁਖ ਵਾਸੀ ॥
ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ ॥
ਜਪ ਤਪ ਸੰਜਮ ਨ ਬ੍ਰਤ ਪੂਜਾ ॥
ਨਾ ਕੋ ਆਖਿ ਵਖਾਣੈ ਦੂਜਾ ॥
ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ ॥
ਨਾ ਸੁਚਿ ਸੰਜਮਿ ਤੁਲਸੀ ਮਾਲਾ ॥
ਗੋਪੀ ਕਾਨੁ ਨ ਗਊ ਗੋੁਆਲਾ ॥
ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ ॥
ਕਰਮ ਧਰਮ ਨਹੀ ਮਾਇਆ ਮਾਖੀ ॥
ਜਾਤਿ ਜਨਮੁ ਨਹੀ ਦੀਸੈ ਆਖੀ ॥
ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ ॥
ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ ॥
ਨਾ ਤਦਿ ਗੋਰਖੁ ਨਾ ਮਾਛਿੰਦੋ ॥
ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾ ਕੋ ਗਣਤ ਗਣਾਇਦਾ॥
ਵਰਨ ਭੇਖ ਨਹੀ ਬ੍ਰਹਮਣ ਖਤ੍ਰੀ ॥
ਦੇਉ ਨ ਦੇਹੁਰਾ ਗਊ ਗਾਇਤ੍ਰੀ ॥
ਹੋਮ ਜਗ ਨਹੀਂ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ ॥
ਨਾ ਕੋ ਮੁਲਾ ਨਾ ਕੋ ਕਾਜੀ ॥
ਨਾ ਕੋ ਸੇਖੁ ਮਸਾਇਕੁ ਹਾਜੀ ॥
ਰਈਅਤਿ ਰਾਓ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ ॥
ਭਾਉ ਨ ਭਗਤੀ ਨਾ ਸਿਵ ਸਕਤੀ ॥
ਸਾਜਨੁ ਮੀਤੁ ਬਿੰਦੁ ਨਹੀ ਰਕਤੀ ॥
ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ ॥
ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ॥
ਪਾਠ ਪੁਰਾਣ ਉਦੈ ਨਹੀ ਆਸਤ ॥
ਕਹਤਾ ਬਕਤਾ ਆਪਿ ਅਗੋਚਰੁ ॥
ਆਪੇ ਅਲਖੁ ਲਖਾਇਦਾ ॥...

(ਮਾਰੂ ਮਹਲਾ ੧, ਆਦਿ ਗ੍ਰੰਥ ਪੰਨਾ ੧੦੩੫-੩੬)

ਇਹ ਚਿਤਰਨ ਕੀਤਾ ਹੈ ਸਤਿਗੁਰੂ ਨਾਨਕ ਨੇ ਉਸ ਬ੍ਰਹਮ ਦਾ ਜਿਹੜਾ ਬਿਨਾਂ ਆਕਾਰ ਤੋਂ ਅਰਥਾਤ ਨਿਰਾਕਾਰ ਜਾਂ ਨਿਰੰਕਾਰ ਹੈ, ਜੋ ਦੇਹ ਧਾਰੀ ਨਹੀਂ। ਉਹ ਨਿਰੰਕਾਰ ਬ੍ਰਹਮ ਹੈ।

ਸਪੱਸ਼ਟ ਹੈ ਕਿ ਇਸ ਬ੍ਰਹਮ ਨੂੰ ਵੇਖਣ ਦੀ ਲੋੜ ਨਹੀਂ। ਕਿਉਂਕਿ ਜਦੋਂ ਵੇਖਣ ਵਾਲਾ ਹੀ ਕੋਈ ਨਹੀਂ ਤਾਂ ਫਿਰ ਵੇਖਣ ਦੀ ਲੋੜ ਦਾ ਕੀ ਅਰਥ ?


Sri Satguru Jagjit Singh Ji eLibrary NamdhariElibrary@gmail.com

## ਸਾਕਾਰ ਸਰੂਪ

ਅਤੇ ਜਦੋਂ ਬ੍ਰਹਮ ਸਾਕਾਰ ਹੁੰਦਾ ਹੈ—ਆਕਾਰ ਧਾਰਨ ਕਰਦਾ ਹੈ—ਉਸ ਵੇਲੇ ਦਾ ਵਰਨਣ ਵੀ ਸਤਿਗੁਰੂ ਨਾਨਕ ਨੇ ਹੀ ਕੀਤਾ ਹੈ—

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥
ਬਾਝੁ ਕਲਾ ਆਡਾਣੁ ਰਹਾਇਆ ॥
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥
ਵਿਰਲੇ ਕਉ ਗੁਰ ਸਬਦੁ ਸੁਣਾਇਆ ॥
ਕਰਿ ਕਰਿ ਦੇਖੈ ਹੁਕਮੁ ਸਬਾਇਆ ॥
ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥
**ਤਾ ਕਾ ਅੰਤੁ ਨ ਜਾਣੈ ਕੋਈ ॥**
**ਪੂਰੇ ਗੁਰ ਤੇ ਸੋਝੀ ਹੋਈ ॥**
ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥
ਆਪੇ ਆਪੁ ਉਪਾਇ ਨਿਰਾਲਾ ॥
ਸਾਚਾ ਥਾਨੁ ਕੀਓ ਦਇਆਲਾ ॥
ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ ॥
ਨਉ ਘਰ ਥਾਪੇ ਥਾਪਣ ਹਾਰੈ ॥
ਦਸਵੈ ਵਾਸਾ ਅਲਖ ਅਪਾਰੈ ॥
ਸਾਇਰ ਸਪਤ ਭਰੇ ਜਲਿ ਨਿਰਮਲ ਗੁਰਮੁਖਿ ਮੈਲੁ ਨ ਲਾਇਦਾ ॥
ਰਵਿ ਸਸਿ ਦੀਪਕ ਜੋਤਿ ਸਬਾਈ ॥
ਆਪੇ ਕਰਿ ਵੇਖੈ ਵਡਿਆਈ ॥
ਜੋਤਿ ਸਰੂਪ ਸਦਾ ਸੁਖੁ ਦਾਤਾ ਸਚੇ ਸੋਭਾ ਪਾਇਦਾ ॥
ਗੜ ਮਹਿ ਹਾਟ ਪਟਣ ਵਾਪਾਰਾ ॥
ਪੂਰੈ ਤੋਲਿ ਤੋਲੈ ਵਣਜਾਰਾ ॥
ਆਪੇ ਰਤਨੁ ਵਿਸਾਹੇ ਲੇਵੈ ਆਪੇ ਕੀਮਤਿ ਪਾਇਦਾ ॥
ਕੀਮਤਿ ਪਾਈ ਪਾਵਣ ਹਾਰੈ ॥
ਵੇਪਰਵਾਹ ਪੂਰੇ ਭੰਡਾਰੈ ॥
ਸਰਬ ਕਲਾ ਲੇ ਆਪੇ ਰਹਿਆ ਗੁਰਮੁਖਿ ਕਿਸੈ ਬੁਝਾਇਦਾ ॥
(ਮਾਰੂ ਮਹਲਾ ੧ ਆਦਿ ਗ੍ਰੰਥ ਪੰਨਾ ੧੦੩੬)

ਇਹ ਉਸ ਦਾ ਸਾਕਾਰ ਸਰੂਪ ਹੈ। ਪਰ ਉਹ ਸਵਾਲ ਤਾਂ ਜਿਉਂ ਦਾ ਤਿਉਂ ਹੀ ਰਹਿ ਗਿਆ ਕਿ "ਉਹ ਕਿਹੋ ਜਿਹਾ ਹੈ?" ਅਤੇ ਇਹ ਸਵਾਲ ਉਸ ਮਨੁਖ ਦਾ ਹੈ ਜਿਸ ਨੂੰ ਅਕਾਲ ਪੁਰਖ ਨੇ ਸੋਚਣ ਲਈ, ਜਾਨਣ ਲਈ ਬੁੱਧੀ ਦਿੱਤੀ ਹੈ। ਪ੍ਰੀਤ ਕਰਨ ਲਈ ਲਈ ਹਿਰਦਾ ਦਿੱਤਾ ਹੈ।

ਇਹ ਸਵਾਲ ਮਨੁੱਖ ਨੇ ਆਦਿ ਕਾਲ ਤੋਂ ਕੀਤਾ ਹੈ ਤੇ ਇਸ ਦੇ ਜਵਾਬ ਵਿਚ ਹੀ ਉਸ ਨੇ ਕੁਦਰਤੀ ਸ਼ਕਤੀਆਂ ਦੇ ਪ੍ਰਤੀਕ ਦੇਵੀ ਦੇਵਤੇ ਕਲਪੇ ਸਨ। ਉਨ੍ਹਾਂ ਨੂੰ ਉਸ ਨੇ ਪ੍ਰੇਮ ਵੀ ਕੀਤਾ, ਉਨ੍ਹਾਂ ਦੀ ਭਗਤੀ ਵੀ ਕੀਤੀ ਤੇ ਉਨ੍ਹਾਂ ਕੋਲੋਂ ਉਹ ਡਰਿਆ ਵੀ। ਉਨ੍ਹਾਂ ਨੂੰ ਪ੍ਰਸੰਨ ਕਰਨ ਲਈ ਮਨੁੱਖ ਨੇ ਅਣਚਾਹੇ ਕਰਮ ਵੀ ਕੀਤੇ—ਜਿਨ੍ਹਾਂ ਨੂੰ ਬਾਅਦ ਦੀ ਧਾਰਮਕ ਸੂਝ ਨੇ ਨਿੰਦਿਆ। ਬ੍ਰਹਮਾ ਬਿਸ਼ਨ ਮਹੇਸ਼ ਤਿੰਨਾਂ ਗੁਣਾਂ ਜਾਂ ਤ੍ਰੈ ਗੁਣ ਮਾਇਆ ਦੇ ਪਰਯਾਯ ਬਣ ਗਏ। ਵੇਦ ਤਿੰਨਾਂ ਗੁਣਾਂ ਦਾ ਵਖਾਣ ਕਰਨ ਵਾਲੇ ਮੰਨੇ ਗਏ—ਫਿਰ ਸਵਾਲ ਜਾਗਿਆ—ਤਾਂ ਫਿਰ ਉਹ ਕੌਣ ਹੈ? ਉਹ ਕਿਹੋ ਜਿਹਾ ਹੈ? ਕੀ ਉਸ ਨੂੰ ਕਿਸੇ ਇਹੋ ਜਿਹੇ ਰੂਪ ਵਿਚ ਨਹੀਂ ਵੇਖਿਆ ਜਾ ਸਕਦਾ—ਜਿਹੜਾ ਸਾਡੀ ਪਹੁੰਚ ਤੇ ਸੋਚ ਦੇ ਸਭ ਤੋਂ ਨੇੜੇ ਹੋਵੇ? ਕੀ ਉਸ ਨਾਲ ਗੱਲਾਂ ਨਹੀਂ ਕੀਤੀਆਂ ਜਾ ਸਕਦੀਆਂ? ਕੀ ਉਸ ਦੇ ਹਿਰਦੇ ਨਾਲ ਆਪਣਾ ਹਿਰਦਾ ਨਹੀਂ ਧੜਕਾਇਆ ਜਾ ਸਕਦਾ? ਕੀ ਉਸ ਦੀ ਅੱਖ ਨਾਲ ਅੱਖ ਨਹੀਂ ਮਿਲਾਈ ਜਾ ਸਕਦੀ? ਕੀ ਉਹ ਇਹੋ ਜਿਹਾ ਨਹੀਂ ਹੋ ਸਕਦਾ ਕਿ ਉਸ ਉਪਰ ਨਿਰਭਰ ਕੀਤਾ ਜਾ ਸਕੇ?

ਇਹੋ ਜਿਹਾ ਤੇ ਕੋਈ ਓਹੋ ਹੀ ਹੋ ਸਕਦਾ ਸੀ ਜਿਹੜਾ ਸਾਡੇ ਹੀ ਵਰਗਾ ਤਾਂ ਹੋਵੇ, ਪਰ ਚਰਿਤ੍ਰ ਵਿਚ ਸਾਥੋਂ ਮਹਾਨ ਹੋਵੇ।

ਡਾ: ਰਾਧਾ ਕ੍ਰਿਸ਼ਨਨ ਕਹਿੰਦੇ ਹਨ—"ਸਰਵੋਪਰੀ ਬ੍ਰਹਮ ਦੇ ਪ੍ਰਤੀ ਭਗਤੀ ਇਕ ਸਰੀਰਧਾਰੀ ਈਸ਼ਵਰ ਨੂੰ ਮੰਨਣ ਨਾਲ ਹੀ ਸੰਭਵ ਹੈ, ਜੋ ਇਕ ਮੂਰਤੀਮਾਨ ਵਿਅਕਤੀ ਹੈ ਅਤੇ ਅਨੰਦ ਤੇ ਸੌਂਦਰਯ ਨਾਲ ਭਰਪੂਰ ਹੈ। ਅਸੀਂ ਆਪਣੇ ਮਨਾਂ ਦੀ ਛਾਇਆ ਜਾਂ ਝਾਉਲੇ ਨਾਲ ਪ੍ਰੇਮ ਨਹੀਂ ਕਰ ਸਕਦੇ। ਮੂਰਤ ਰੂਪ ਹੀ ਸਹਿਚਾਰੀ ਭਾਵ, ਅਥਵਾ ਦੋਸਤੀ ਜਾਂ ਪਰਸਪਰ ਭਾਵ ਨੂੰ ਉਪਲਖਸ਼ਿਤ ਕਰਦਾ ਹੈ। ਵਿਅਕਤੀਗਤ ਸਹਾਇਕ ਹੀ ਵਿਅਕਤੀਗਤ ਜ਼ਰੂਰਤ ਨੂੰ ਪੂਰਿਆਂ ਕਰਨ ਵਿਚ ਸਹਾਇਕ ਹੋ ਸਕਦਾ ਹੈ। ਇਸ ਤਰ੍ਹਾਂ ਅਜੇਹਾ ਈਸ਼ਵਰ ਜਿਸ ਦੇ ਅੰਦਰ ਪ੍ਰੇਮ ਪੂਰਨ ਹਿਰਦੇ ਦਾ ਪਰਵੇਸ਼ ਹੋਇਆ ਹੋਵੇ—ਓਹ ਈਸ਼ਵਰ ਨਹੀਂ ਹੈ, ਜਿਹੜਾ ਖ਼ੂਨ ਦੀ ਹੋਲੀ ਤੋਂ ਅਨੰਦ ਲੈਂਦਾ ਹੋਵੇ ਅਤੇ ਨਾ ਹੀ ਅਜੇਹਾ ਈਸ਼ਵਰ ਹੈ ਜਿਹੜਾ ਅਮੂਰਤ ਰੂਪ ਵਿਚ ਡੂੰਘੀ ਨੀਂਦ ਵਿਚ ਸੁੱਤਾ ਰਹਿੰਦਾ ਹੋਵੇ, ਜਦੋਂਕਿ ਦੁਖ ਦੇ ਭਾਰ ਨਾਲ ਤੜਫਦੇ ਹਿਰਦੇ ਸਹਾਇਤਾ ਲਈ ਪੁਕਾਰ ਕਰਦੇ ਰਹਿੰਦੇ ਹੋਣ—ਸਗੋਂ ਉਹ ਪ੍ਰੇਮ ਸਰੂਪ ਹੈ ਅਜੇਹੇ ਵਿਅਕਤੀ ਲਈ, ਜਿਹੜਾ ਆਪਣਾ ਸਭ ਕੁਝ ਈਸ਼ਵਰ ਨੂੰ ਸਮਰਪਤ ਕਰ ਦੇਂਦਾ ਹੈ ਅਤੇ ਉਸ ਦੇ ਚਰਨਾਂ ਵਿਚ ਆਪਣੇ ਆਪ ਨੂੰ ਝੁਕਾ ਦੇਂਦਾ ਹੈ। ਉਸ ਨੂੰ ਪ੍ਰਭੂ ਦਾ ਦਰ ਖੁਲ੍ਹਾ ਮਿਲਦਾ ਹੈ। ਈਸ਼ਵਰ ਦੀ ਬਾਣੀ ਐਲਾਨ ਕਰਦੀ ਹੈ ਕਿ ਇਹ ਮੇਰਾ ਪ੍ਰਤਿਗਿਆਤ (ਪ੍ਰਸਿੱਧ) ਬਚਨ ਹੈ ਕਿ ਉਹ, ਜਿਹੜਾ ਮੈਨੂੰ ਪ੍ਰੇਮ ਕਰਦਾ ਹੈ, ਨਸ਼ਟ ਨਹੀਂ ਹੁੰਦਾ।"

ਉਪਨਿਸ਼ਦ ਦੇ ਰਿਸ਼ੀ ਨੇ ਜਿਗਿਆਸੂ ਮਨੁਖ ਨੂੰ ਦਸਿਆ—"ਤੱਤ੍ਵਮਸੀ"—ਉਹ ਤੂੰ ਹੀ ਹੈਂ। ਤੂੰ ਹੀ


Sri Satguru Jagjit Singh JI eLibrary NamdhariElibrary@gmail.com

ਆਤਮਾ ਹੈਂ, ਤੂੰ ਹੀ ਬ੍ਰਹਮ ਹੈ—ਉਪਨਿਸ਼ਦ ਦੇ ਰਿਸ਼ੀ ਨੇ ਫਿਰ ਪ੍ਰਥਮ ਪੁਰਸ਼ ਦੇ ਰੂਪ ਵਿਚ ਕਿਹਾ, "ਸੋਹੰ",—ਉਹ ਮੈਂ ਹੀ ਹਾਂ—ਉਪਨਿਸ਼ਦ ਦੇ ਰਿਸ਼ੀ ਨੇ ਹੀ ਫਿਰ ਪ੍ਰਥਮ ਪੁਰਸ਼ ਦੇ ਰੂਪ ਵਿਚ ਕਿਹਾ—"ਅਹੰ ਬ੍ਰਹਮਸਮੀ"—ਮੈਂ ਹੀ ਬ੍ਰਹਮ ਹਾਂ—।

ਠੀਕ ਹੈ। ਪਰ ਇਸ ਨਾਲ ਇਤਿਹਾਸ ਦੇ ਮਨੁੱਖ ਦੀ ਤਸੱਲੀ ਨਹੀਂ ਹੁੰਦੀ। ਏਨਾ ਗਿਆਨ, ਏਨੀ ਰਿਸ਼ੀ ਸਾਧਨਾ ਉਸ ਨੂੰ ਹਾਸਿਲ ਨਹੀਂ ਕਿ ਉਹ ਆਪਣਾ ਮੂਲ ਬ੍ਰਹਮ ਰੂਪ ਝਟ ਪਟ ਪਛਾਣ ਲਵੇ ਤੇ ਬਿਨਾਂ ਹੰਕਾਰ ਤੋਂ ਜਿਊ ਸਕੇ ਫਿਰ ਉਹ ਤਾਂ ਜਗਤ ਵਿਚ ਹੈ। ਉਸ ਜਗਤ ਵਿਚ—ਜਿੱਥੇ ਤ੍ਰਿਗੁਣੀ ਮਾਇਆ ਦਾ ਪਸਾਰਾ ਹੈ—ਉਸ ਜਗਤ ਵਿਚ ਉਸ ਨੂੰ ਕਿਸੇ ਉਸ ਉੱਚ ਹਸਤੀ ਦੀ ਲੋੜ ਹੈ ਜਿਸ ਦੀ ਉਹ ਭਗਤੀ ਵੀ ਕਰ ਸਕੇ, ਜਿਸ ਦੀ ਸ਼ਕਤੀ ਨੂੰ ਉਹ ਆਪਣੀ ਸ਼ਕਤੀ ਸਮਝ ਸਕੇ। ਜਿਸ ਨੂੰ ਉਹ ਸਭ ਤੋਂ ਵੱਧ ਆਪਣਾ—ਆਪਣਾ ਆਪ ਹੀ ਮੰਨ ਸਕੇ। ਤਦੇ ਉਸ ਦੀ ਜਿਗਿਆਸਾ ਕਾਇਮ ਰਹੀ। ਉਸ ਦੀ ਇਸ ਜਿਗਿਆਸਾ ਕਾਰਨ ਹੀ ਪੁਰੋਹਤ ਉਸ ਨੂੰ ਕਰਮ ਕਾਂਡ ਵਿਚ ਫਸਾਉਂਦਾ ਹੈ—ਪਰ ਉਹ ਭਾਲ ਵਿਚ ਹੈ ਕਿਸੇ ਉਸ ਦੀ—ਜਿਹੜਾ ਉਹਨੂੰ ਗੈਬੀ ਸ਼ਕਤੀਆਂ ਦੇ ਡਰ ਤੋਂ ਬਰੀ ਕਰ ਦੇਵੇ—ਜਿਨ੍ਹਾਂ ਦੇ ਡਰ ਵਿਚੋਂ ਹੀ ਵੇਦਾਂ ਦਾ ਸਾਰਾ ਕਰਮ ਕਾਂਡ ਤੇ ਮੰਤ੍ਰ ਤੰਤ੍ਰ ਨਿਕਲਿਆ ਹੈ।

ਧਾਰਮਕ ਚਿੰਤਨ ਦੇ ਲੰਮੇਰੇ ਸਫਰ ਤੋਂ ਬਾਅਦ ਇਕ ਪੜਾਅ ਆਉਂਦਾ ਹੈ ਜਦੋਂ ਭਗਵਾਨ ਕ੍ਰਿਸ਼ਣ ਐਲਾਨ ਕਰਦੇ ਹਨ ਕਿ "ਉਹ ਮੈਂ ਹੀ ਹਾਂ। ਮੈਂ ਅਜਨਮਾ ਹਾਂ, ਅਵਿਨਾਸ਼ੀ ਹਾਂ। ਸਾਰੀ ਪ੍ਰਕਿਰਤੀ ਦਾ ਸਵਾਮੀ ਤੇ ਇਸ ਦੇ ਅਮਲ ਨੂੰ ਚਲਾਈ ਰਖਣ ਵਾਲਾ ਹੋਣ ਦੇ ਬਾਵਜੂਦ ਸਮੇਂ ਸਮੇਂ ਆਪਣੀ ਰਚੀ ਮਾਇਆ ਦੁਆਰਾ ਜਨਮ ਲੈਂਦਾ ਹਾਂ। ਜਦੋਂ ਜਦੋਂ ਵੀ ਧਰਮ ਦੀ ਹਾਨੀ ਅਤੇ ਅਧਰਮ ਦਾ ਪਸਾਰਾ ਵਧਦਾ ਹੈ ਓਦੋਂ ਓਦੋਂ ਹੀ ਮੈਂ ਅਵਤਾਰ ਧਾਰਦਾ ਹਾਂ।" ਸ੍ਰੀ ਕ੍ਰਿਸ਼ਣ ਅਰਜੁਨ ਨੂੰ ਕਹਿੰਦੇ ਹਨ—ਕਿ "ਮੇਰੇ ਤੇ ਤੇਰੇ ਅਨੇਕਾਂ ਜਨਮ ਹੋ ਚੁਕੇ ਹਨ—ਤੂੰ ਨਹੀਂ ਜਾਣਦਾ ਮੈਂ ਜਾਣਦਾ ਹਾਂ। ਮੈਂ ਮਨੁੱਖਾ ਜਨਮ ਧਾਰ ਕੇ ਦੁਸ਼ਟਾਂ ਦਾ ਨਾਸ ਕਰਦਾ ਹਾਂ, ਸੰਤਾਂ ਦਾ ਪ੍ਰਕਾਸ਼ ਕਰਦਾ ਹਾਂ। ਧਰਮ ਦੀ ਸਥਾਪਨਾ ਕਰਨਾ ਹਾਂ ਅਧਰਮ ਨੂੰ ਖਤਮ ਕਰਦਾ ਹਾਂ।"

ਗੀਤਾ—ਇਕ ਉਹ ਗਰੰਥ ਹੈ—ਜਿਸ ਵਿਚ ਕੁਲ ਵੇਦ ਸ਼ਾਸਤਰਾਂ ਦੇ ਗਿਆਨ ਨੂੰ ਸਮੋਕੇ ਉਨ੍ਹਾਂ ਦਾ ਵਿਸ਼ਲੇਸ਼ਣ ਕਰਕੇ ਸਾਰ ਰੂਪ ਵਿਚ ਉਨ੍ਹਾਂ ਦਾ ਨਿਚੋੜ ਪੇਸ਼ ਕੀਤਾ ਹੈ ਤੇ ਸਾਰੇ ਇਤਿਹਾਸ ਦੇ ਧਾਰਮਕ ਚਿੰਤਨ ਨੂੰ ਸਪਸ਼ਟ ਰੂਪ ਦੇ ਕੇ ਭਵਿੱਖ ਲਈ ਦਿਸ਼ਾ ਨਿਰਦੇਸ਼ ਕੀਤਾ ਗਿਆ ਹੈ। ਸ੍ਰਿਸ਼ਟੀ ਦੇ ਆਰੰਭ ਤੋਂ ਲੈ ਕੇ ਪਰਲੋ ਤਕ—ਨਿਰੰਕਾਰੀ ਬ੍ਰਹਮ ਦੇ ਨਿਰਗੁਣ-ਸਰਗੁਣ ਸਰੂਪ, ਮਾਇਆ, ਪ੍ਰਕਿਰਤੀ ਤੇ ਜੀਵ ਬਾਰੇ ਸਪਸ਼ਟ ਨਿਰਣਾ ਦਿਤਾ ਹੈ ਤੇ ਸਭ ਕੁਝ ਦੇ ਮੂਲ ਵਿਚ ਉਹ ਇਕ ਬ੍ਰਹਮ ਦਸਿਆ ਹੈ, ਜਿਹੜਾ ਨਿਰਗੁਣ ਨਿਰਾਕਾਰ ਤਾਂ ਹੈ, ਪਰ ਮਹਾਂ ਭਾਰਤ ਦੇ ਯੁੱਧ ਸਮੇਂ ਅਰਜਨ ਦੇ ਸਾਹਮਣੇ ਮਨੁੱਖੀ ਦੇਹ ਵਿਚ, ਉਸ ਦੇ ਗੁਰੂ ਦੇ ਰੂਪ ਵਿਚ, ਪੂਰੇ ਅਧਿਕਾਰ ਨਾਲ ਐਲਾਨ ਕਰ ਰਿਹਾ ਹੈ ਕਿ—ਉਹ ਮੈਂ ਹੀ ਹਾਂ—ਜਿਸ ਨੇ ਇਹ ਸਾਰੀ ਰਚਨਾ ਰਚੀ ਹੈ। ਇਸ ਨੇ ਮੇਰੇ ਵਿਚ ਹੀ ਸਮਾ ਜਾਣਾ ਹੈ।


REPUTED MANUFACTURER OF :

**SUPERIOR QUALITY**

**SINGLE BARREL &**

**DOUBLE BARREL**

**B. L. 12 BORE**

# GUNS

Grams : SNIPER

Phone : 3805

# MODERN GUN WORKS

**Opp. Industrial Estate,**
**JAMMU CANTT.**




Sri Satguru Jagjit Singh Ji eLibrary NamdhariElibrary@gmail.com

WITH

https://archive.org/details/namdhari

BEST COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਫੂਡਜ਼

ਹੈਦਰਾਬਾਦ

# AMBER FOODS

**Amber pet HYDERABAD**

**(A.P.)**



Sri Satguru Jagjit Singh Ji eLibrary NamdhariElibrary@gmail.com

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਵਰਿਆਮ ਦਾ ਜੁਲਾਈ ੧੯੯੭ ਅੰਕ ਦੇਖੋ)

### ੧੧ ਅਕਤੂਬਰ ੧੯੭੮, ਬੁੱਧਵਾਰ
### ਜਲੰਧਰ—ਨਵੀਂ ਦਿੱਲੀ

ਚਲਦਾ ਪ੍ਰਸੰਗ : **ਲੁਹਾਰਾਂ ਵਾਲਿਆਂ ਦਾ ਪਿਤਾ ਸੁਰਗਵਾਸ**

ਪ੍ਰੇਮ ਸਿੰਘ ਹੁਰੀਂ ਸਾਧੂ ਪੁਰਸ਼ ਸਨ। ਗੁਰੂ ਕੇ ਕੀਰਤਨੀਆਂ ਦੇ ਪਿਤਾ ਦੇ ਭੋਗ ਤੇ ਸਾਡਾ ਸਭ ਦਾ ਜਾਣਾ ਹੀ ਬਣਦਾ ਹੈ।

ਦੋਕੋਹੇ ਵਾਲਿਆਂ ਦੇ ਘਰ ਵੀ ਸਤਿਗੁਰਾਂ ਜਾਣਾ ਹੈ। ਕਲ ਮਾਤਾ ਨੇ ਸੰਤ ਪਾਲਾ ਸਿੰਘ ਦਾ ਸੁਨੇਹਾ ਸਤਿਗੁਰਾਂ ਨੂੰ ਇੰਜ ਦਿਤਾ ਸੀ : ਉਹ ਕਹਿੰਦੇ ਸਨ, ਤੁਸਾਂ ਵਿਸਾਰ ਦਿਤਾ ਹੈ। ਸਤਿਗੁਰੂ ਜੀ ਦਾ ਉਤਰ ਸੀ : ਉਹਨਾਂ ਨੂੰ ਕਹਿਣਾ ਮੈਂ ਤਾਂ ਭਾਵੇਂ ਵਿਸਾਰ ਦਿਤਾ ਹੈ ਪਰ ਤੁਸਾਂ ਨਾ ਮੈਨੂੰ ਵਿਸਾਰਨਾ। (ਇਹ ਸਤਿਗੁਰੂ ਹੀ ਕਹਿ ਸਕਦੇ ਹਨ !)

**ਵਾਪਸ ਦਿੱਲੀ**

ਅੱਜ ਫਲਾਇੰਗ ਮੇਲ ਬੜੀ ਪਰੇਸ਼ਾਨਕੁਨ ਹਾਲਤ ਵਿਚ ਹੈ। ਇਕ ਦੀ ਥਾਂ ਦੋ ਗੱਡੀਆਂ ਦੀਆਂ ਸਵਾਰੀਆਂ ਲੈ ਕੇ ਆਈ ਹੈ। ਦੋ ਘੰਟੇ ਪੱਛੜ ਕੇ ਜਲੰਧਰੋਂ ਦਿੱਲੀ ਪਹੁੰਚੀ ਹੈ। ਰਾਤੀਂ ੧੨ ਵਜੇ ਸੁਖੀ ਸਾਂਦੀ ਘਰ ਪਹੁੰਚ ਗਿਆ ਹਾਂ, ਇਹੋ ਗਨੀਮਤ ਹੈ।

### ੧੨ ਅਕਤੂਬਰ ੧੯੭੮, ਵੀਰਵਾਰ
### ਨਵੀਂ ਦਿੱਲੀ

**ਆਗਮਨ**

ਗੁਰਦੇਵ ਸਿੰਘ ਸਰੋਦ ਦੇ ਘਰ, ਰਮੇਸ਼ ਨਗਰ ਗਿਆਂ ਸੰਤ ਗੁਰਦੀਪ ਸਿੰਘ ਵੱਡਾ ਤੋਂ ਪਤਾ ਲਗਾ ਕਿ ਸ੍ਰੀ ਸਤਿਗੁਰੂ ਜੀ ਅਜ ਸ਼ਾਮ ਤਕ ਦਿੱਲੀ ਦਰਸ਼ਨ ਦੇ ਰਹੇ ਹਨ। ਇਹ ਵੀ ਦਸਿਆ ਗਿਆ ਕਿ ਸ੍ਰੀ ਹਜ਼ੂਰ ੧੪-੧੦-੭੮ ਨੂੰ ਥਾਈਲੈਂਡ ਪਧਾਰ ਰਹੇ ਹਨ। ਮਹਾਰਾਜ ਜੀ ਦਿੱਲੀ ਪਹੁੰਚੇ ਹੋਏ ਹਨ।

ਸ਼ਾਮੀ ੫-੩੦ ਆਪਣੇ ਮਨੋਂ ਹੰਸਪਾਲ ਦੇ ਘਰ ਸੱਚੇ ਪਾਤਸ਼ਾਹ ਜੀ ਬਾਰੇ ਜਾਣਨ ਚਲਿਆ ਸਾਂ ਕਿ ਸਾਡੇ ਸਾਹਮਣੇ ਦੀ ਗੁਡਵੇ ਬੇਕਰੀ ਦੀ ਦੁਕਾਨ ਤੋਂ ਫੋਨ ਆ ਗਿਆ। ਸੁਣ ਕੇ ਮਨਧੀਰ ਸਿੰਘ ਨੇ ਦਸਿਆ : ਗੁਰਭਜਨ ਸਿੰਘ ਸਾਬਕਾ ਸਕੱਤਰ ਨੇ ਫੋਨ ਕੀਤਾ ਹੈ। ਸਤਿਗੁਰੂ ਪਹੁੰਚ ਚੁਕੇ ਹਨ, ਪੂਸਾ ਰੋਡ ਆ ਜਾਓ। ਮੈਂ ਤੁਰਤ ਚਲ ਪਿਆ।



ਸਤਿਗੁਰੂ ਜਗਜੀਤ ਸਿੰਘ ਜੀ

**ਓਖਲੇ ਹਸਪਤਾਲ ਵਿਚ**

ਕੋਠੀ ੧-੬ ਬੀ ਪੂਸਾ ਰੋਡ ਆਇਆ। ਵੇਖਿਆ ਜਿਹੜਾ ਵਿਹੜਾ ਕਾਰਾਂ ਨਾਲ ਭਰਿਆ ਹੁੰਦਾ ਹੈ, ਉਥੇ ਇਕ ਵੀ ਗੱਡੀ ਨਹੀਂ ਸੀ। ਅੰਦਰ ਦਾਖਲ ਹੋਇਆ। ਕੁਝ ਸਿੰਘਾਂ ਦਾ ਗਰੁਪ ਲਾਨ ਤੇ ਬੈਠਾ ਨਜ਼ਰ ਪਿਆ। ਕੁਝ ਵਰਾਂਡੇ ਵਿਚ ਕੁਰਸੀਆਂ ਤੇ ਸਨ। ਧੁਰ ਸਤਿਗੁਰ ਨਿਵਾਸ ਤਕ ਪਹੁੰਚਿਆਂ ਪਤਾ ਲਗਾ ਕਿ ਸਤਿਗੁਰੂ ਜੀ ਆਪਣੀ ਚਾਚੀ ਜੀ ਬੇਬੇ ਸਤਵੰਤ ਕੌਰ ਜੀ ਦਾ ਹਾਲ ਚਾਲ ਪਤਾ ਕਰਨ ਓਖਲਾ ਹਸਪਤਾਲ ਵਿਚ ਗਏ ਹੋਏ ਹਨ। ਉਹਨਾਂ ਦਾ ਉਪਰੇਸ਼ਨ ਹੋ ਚੁਕਾ ਹੈ। ਪਤਾ ਲਗਾ ਹੈ ਕਿ ਬੇਬੇ ਜੀ ਦੀ ਸੁਰਤੀ ਕੰਮ ਨਹੀਂ ਕਰ ਰਹੀ ਅਤੇ ਚਲਾਣੇ ਕਿਸੇ ਸਮੇਂ ਵੀ ਸੰਭਵ ਹਨ। ਸਤਿਗੁਰੂ ਜੀ ਨੇ ਪਿਛਲੀ ਵਾਰ ਮੇਰੇ ਨਾਲ ਜ਼ਿਕਰ ਕੀਤਾ ਸੀ ਕਿ ਬੇਬੇ ਜੀ ਦੀ ਦਸ਼ਾ ਵੇਖਿਆਂ 'ਰੀਕਵਰੀ' ਦੀ ਆਸ ਨਹੀਂ। ਠਾਕਰ ਜੀ ਤੇ ਬਲੋ ਜੀ ਵੀ ਇੰਜ ਹੀ ਖਿਆਲ ਕਰਦੇ ਹਨ।

ਕੋਠੀ ਵਿਚ ਸੇਠ ਜੀ ਦੇ ਸਹਿਯੋਗੀ ਰਾਜਾ ਫਕੀਰ ਸਿੰਘ ਸੰਤ ਹਰਭਜਨ ਸਿੰਘ ਸਟੈਨੋ ਨੂੰ ਕਹਿ ਰਿਹਾ ਸੀ ਕਿ ਭੈਣੀ ਸਾਹਿਬ ਨੂੰ ਫੋਨ ਬੁਕ ਕੀਤਾ ਹੈ। ਮੇਰੇ ਮਗਰੋਂ ਓਧਰੋਂ



Sri Satguru Jagjit Singh Ji eLibrary NamdhariElibrary@gmail.com

ਜੇ ਪੁਛ ਆ ਜਾਵੇ ਤਾਂ ਉਹਨਾਂ ਨੂੰ ਕਹਿਣਾ ਰਾਮ ਸਰੋਵਰ ਵਿਚੋਂ ਸੋਧ ਦੇ ਜਲ ਦਾ ਵੱਡਾ ਗੜਵਾ ਲੈ ਕੇ ਕੋਈ ਸਰੀਰ ਕਲ ਦਿਨੇ ਬਹੁਤ ਸਵੇਰੇ ਦਿੱਲੀ ਪੁਜ ਜਾਵੇ ।

ਇਸ ਤੋਂ ਮੈਂ ਇਹ ਅੰਦਾਜ਼ਾ ਕਰਦਾ ਹਾਂ ਕਿ ਬੇਬੇ ਸਤਵੰਤ ਕੌਰ ਜੀ ਦੇ ਦਰਗਾਹੀ ਸਦਿਆਂ ਬਾਰੇ ਹੀ ਤਿਆਰੀਆਂ ਹੋ ਰਹੀਆਂ ਹਨ ।

**ਬੈਠਣ ਕਮਰੇ ਵਿਚ**

੬.੪੫ ਤੇ ਅਚਾਨਕ ਬੂਹਾ ਖੁਲ੍ਹਿਆ । ਠਾਕੁਰ ਦਲੀਪ ਸਿੰਘ ਜੀ, ਹੱਥ ਵਿਚ ਕੁਝ ਕਿਤਾਬਾਂ ਫੜੀ, ਹਸਦੇ ਹਸਦੇ ਅੰਦਰ ਲੰਘੇ । ਮੈਨੂੰ ਸਤਿ ਸ੍ਰੀ ਅਕਾਲ ਆਖੀ । ਮੇਰੀ ਪਰਵਾਨ ਕੀਤੀ । ਉਹਨਾਂ ਦੇ ਚਿਹਰੇ ਤੇ ਵਰਾਛ ਕੋਲ ਦੇ ਸਫੈਦ ਦਾਗ ਕਾਲੇ ਹੋਏ ਨਜ਼ਰ ਪਏ । ਮੈਨੂੰ ਉਹਨਾਂ ਦਸਿਆ ਕਿ ਉਹ ਪਰਸੋਂ ਦੇ ਦਿੱਲੀ ਵਿਚ ਹਨ । ਮਾਤਾ ਚੰਦ ਕੌਰ ਜੀ ਚੌਥ ਦੇ ਏਥੇ ਹਨ, ਉਹਨਾਂ ਦੀ ਪੁਤਰੀ ਤੇ ਉਸਦੀ ਉਸਤਾਨੀ ਅੱਜ ਸਤਿਗੁਰੂ ਜੀ ਨਾਲ ਆਈਆਂ ਹਨ । ਇਸ ਜੋੜ ਮੇਲ ਦਾ ਅਰਥ ਵੀ ਮੇਰਾ ਉਪਰਲਾ ਜਾਇਜ਼ਾ ਸਹੀ ਸਾਬਤ ਕਰਦਾ ਹੈ ।

ਮੇਰੇ ਅਤੇ ਗੁਰਦੇਵ ਸਿੰਘ ਦੇ ਪ੍ਰਸ਼ਾਦ ਛਕਦਿਆਂ ਦੀਨ ਦਿਆਲ ਜੀ ਕੋਠੀ ਪਹੁੰਚ ਗਏ । ਸਵਾ ਸਤ ਵਜ ਗਏ ਸਨ ।

**ਆਰਾਮ ਕਮਰੇ ਵਿਚ**

ਮੈਂ ਦਰਸ਼ਨਾਂ ਦੀ ਗ਼ਰਜ਼ ਨਾਲ ਬਹੁਤ ਸਹਿਜ ਨਾਲ ਸ੍ਰੀ ਸਤਿਗੁਰੂ ਜੀ ਦੇ ਕਮਰੇ ਦਾ ਦੁਆਰ ਖੋਲ੍ਹਿਆ । ਝਾਤ ਮਾਰੀ ਤਾਂ ਅੰਦਰ ਸਤਿਗੁਰੂ ਜੀ ਦੇ ਚਰਨਾਂ ਵਿਚ ਸ੍ਰੀ ਮਹਾਰਾਜ ਜੀ, ਮਾਤਾ ਜੀ, ਠਾਕੁਰ ਜੀ, ਸੇਠ ਜੀ, ਸ. ਹੰਸਪਾਲ ਫਰਸ਼ਾਂ ਤੇ ਬੈਠੇ ਸਨ । ਸ੍ਰੀ ਸਤਿਗੁਰੂ ਜੀ ਬਿਸਤਰ ਤੇ ਵੱਖੀ ਪਰਨੇ ਲੇਟੇ ਹੋਏ ਸਨ । ਮੈਂ ਢੀਠਤਾਈ ਕਰ ਲਈ । ਆਉਣ ਦਾ ਇਸ਼ਾਰਾ ਸਮਝ ਕੇ ਅੰਦਰ ਗਿਆ ਤਾਂ ਮੇਰੇ ਮਗਰ ਮਗਰ ਹੋਰ ਕਿੰਨੇ ਹੀ ਸਰੀਰ ਆ ਗਏ । ਉਹ ਬਾਹਰ ਇੰਤਜ਼ਾਰ ਵਿਚ ਖਲੋਤੇ ਸਨ ।

ਸੇਠ ਕਰਤਾਰ ਸਿੰਘ ਚਾਵਲਾ ਬੈਂਕੋਕ, ਉਨ੍ਹਾਂ ਦੀ ਪਤਨੀ, ਰਣਜੀਤ ਨਗਰ ਦੇ ਸ੍ਰੀ ਮਹਿੰਦਰ ਸਿੰਘ, ਹਰਭਜਨ ਸਿੰਘ ਰਾਗੀ ਤੇ ਉਸਦੇ ਮਾਮਾ ਜੀ, ਆਦਿ । ਮਾਤਾ ਜੀ ਵੀ ਆ ਗਏ ਤਿੰਨ ਚਾਰ ਸਰੀਰ ਉਨ੍ਹਾਂ ਨਾਲ ਹੋਰ ਵੀ । ਸਭ ਦੀ ਨਮਸਕਾਰ ਪਰਵਾਨ ਕਰਕੇ ਸਤਿਗੁਰੂ ਜੀ ਮਹਾਰਾਜ ਜੀ ਨਾਲ ਬੈਠਣ ਕਮਰੇ ਵਿਚ ਚਲੇ ਗਏ । ਮੈਨੂੰ ਆਪਣੀ ਗਲਤੀ ਦਾ ਅਹਿਸਾਸ ਬੁਰੀ ਤਰ੍ਹਾਂ ਹੋ ਰਿਹਾ ਸੀ ।

ਸਤਿਗੁਰੂ ਜੀ ਦੂਜੇ ਕਮਰੇ ਵਿਚ ਕਿਸੇ ਵਿਅਕਤੀ ਨੂੰ ਇਕ ਕਟਿੰਗਜ਼ ਦੀ ਫਾਈਲ ਦਿੰਦਿਆ ਫ਼ਰਮਾਇਆ : ਸਾਰੇ ਹਾਲਾਤ ਜਾਣ ਲਓ । ਇਕ ਨਿਸਚਿਤ ਲਾਈਨ ਅਪਣਾਈ ਜਾਵੇ । ਸਤਿਗੁਰੂ ਜੀ ਨੇ 'ਅਜੀਤ' ਅਖਬਾਰ ਵਿਚ ਨਾਮਧਾਰੀ ਬਚਿਆਂ ਦੀਆਂ ਖੇਡਾਂ ਬਾਰੇ ਲਿਖੀਆਂ ੧੦ ਲਾਈਨਾਂ ਦੀ ਪ੍ਰਸੰਸਾ ਕੀਤੀ ਤੇ ਸੁਝਾਅ ਦਿਤਾ ਕਿ ਸੰਪਾਦਕ 'ਅਜੀਤ' ਨੂੰ ਇਸ ਦਾ ਸ਼ਲਾਘਾ-ਪੱਤਰ ਲਿਖਿਆ ਜਾਇ । ਸਤਿਗੁਰੂ ਜੀ ਸਮਝਾਇਆ : ਇਹੋ ਵਡਪਣ ਹੈ ਤੁਸੀਂ ਇਕ ਚੰਗੀ ਗੱਲ ਤੇ ਅਗਲੇ ਦੀ ਪ੍ਰਸੰਸਾ ਕਰੋ । ਮਾੜੀਆਂ ਗੱਲਾਂ ਵਲ ਧਿਆਨ ਨਾ ਦਿਓ ।

**ਚੁਟਕਲੇ**

ਸ੍ਰ. ਹਰਵਿੰਦਰ ਸਿੰਘ ਹੰਸਪਾਲ ਚੁਟਕਲਾ ਪ੍ਰੇਮੀ ਹੈ । ਉਹ ਸੁਣਦਾ ਵੀ ਖੂਬ ਹੈ ਤੇ ਸੁਣਾਉਂਦਾ ਵੀ ਖੂਬ ਹੈ । ਉਸ ਕਹਿਣਾ ਸ਼ੁਰੂ ਕੀਤਾ : ਕੋਈ ਬੜਾ ਕੋਝੇ ਨਖਰੇ ਕਰਨ ਵਾਲਾ ਸੀ । ਉਹ ਦਹੀਂ ਲਈ ਜਾ ਰਿਹਾ ਸੀ ਕਿਸੇ ਨੇ ਟਾਈਮ ਪੁਛ ਲਿਆ । ਨਖਰੇਦਾਰ ਨੇ ਘੜੀ ਵੇਖਣ ਲਈ ਏਨੀ ਮਟਕ ਨਾਲ ਕਲਾਈ ਘੁਮਾਈ ਕਿ ਹੱਥ ਵਿਚਲਾ ਦਹੀਂ-ਛੰਨਾ ਪਟਾਕ ਦੇਣੀ ਧਰਤੀ ਤੇ ਡਿੱਗ ਪਿਆ । ਅਤੇ ਦਹੀਂ ਰੁੜ੍ਹ ਗਿਆ । ਸਬਬ ਨਾਲ ਅਗਲੇ ਦਿਨ ਵੀ ਟਾਈਮ ਪੁਛਣ ਦਸਣ ਵਾਲੇ ਓਸੇ ਸਮੇਂ, ਉਸੇ ਥਾਂ, ਉਸੇ ਤਰ੍ਹਾਂ ਮਿਲ ਪਏ । ਕੋਝੇ ਨਖਰੇਦਾਰ ਨੂੰ ਪਤਾ ਸੀ ਕਿ ਅਜ ਵੀ ਟਾਈਮ ਪੁਛਿਆ ਜਾ ਸਕਦਾ ਹੈ, ਇਸ ਲਈ ਇਹਤਿਆਤਨ ਉਸ ਨੇ ਖੱਬੇ ਹੱਥ ਵਿਚ ਦਹੀਂ-ਕੋਲ ਫੜ ਲਿਆ । ਪਰ ਜਦੋਂ ਦੂਜੇ ਵਿਅਕਤੀ ਨੇ ਟਾਈਮ ਪੁਛਿਆ ਤਾਂ ਕੋਝੇ ਨਖਰੇ ਵਾਲੇ ਨੇ ਏਨੇ ਜ਼ੋਰ ਨਾਲ ਖੱਬਾ ਹੱਥ ਨਵੀ ਵਿਚ ਹਿਲਾਇਆ ਕਿ ਬਰਤਨ ਫਿਰ ਮੂੰਧੇ ਮੂੰਹ ਡਿਗ ਪਿਆ । ਪਰ ਨਖਰੇਦਾਰ ਬੋਲਿਆ : ਮੈਂ ਏਨਾ ਮੂਰਖ ਨਹੀਂ ਕਿ ਅੱਜ ਵੀ ਉਸੇ ਹੱਥ ਦਹੀਂ ਛੰਨਾ ਰਖਦਾ ।

ਹੁਣ ਵਾਰੀ ਗੁਰਭਜਨ ਸਿੰਘ ਨੇ ਮੱਲ ਲਈ : ਕੋਈ ਜਣਾ ਤੇਲ ਲੈਣ ਲਈ ਗਲਾਸ ਲੈ ਤੁਰਿਆ । ਦੁਕਾਨ ਤੇ ਉਸਦੀ ਖਰੀਦ ਦਾ ਤੇਲ ਗਲਾਸੋਂ ਵਧ ਗਿਆ । ਪਤਾ ਨਹੀਂ ਉਸ ਨੂੰ ਕੀ ਸੁੱਝਾ ਗਲਾਸ ਉਲਟਾ ਕਰਕੇ ਕੜੇ ਵਾਲਾ ਪਾਸਾ ਅਗੇ ਕਰ ਦਿਤਾ । ਜਦ ਉਹ ਭਰਾ ਕੇ ਲਈ ਜਾ ਰਿਹਾ ਸੀ ਤਾਂ ਕਿਸੇ ਪੁਛਿਆ : ਏਨਾ ਈਂ ? ਕੀ ਕਰੇਂਗਾ ?' ਉਸ ਨੇ ਗਲਾਸ ਸਿੱਧਾ ਕਰ ਦਿਤਾ : ਆਹ ਵੀ ਭਰਿਆ ਹੋਇਆ ਏ ।

**ਉਸਾਰੀ**

ਸੇਠ ਤਰਲੋਕ ਸਿੰਘ ਹੁਰਾਂ ਜਦੋਂ ਤੋਂ ੧-੬ ਬੀ ਵਿਚ ਡੇਰੇ ਲਾਏ ਹਨ । ਹਰ ਕਮਰੇ, ਹਰ ਦੀਵਾਰ ਵਿਚ ਤਬਦੀਲੀ ਹੋ ਰਹੀ ਹੈ । ਨਵੀਨਤਾ ਆ ਰਹੀ ਹੈ । ਕੋਠੀ ਦੇ ਪਿਛਵਾੜੇ ਖੂਹੀ ਲਗ ਗਈ ਹੈ । ਗੁਰੂ ਕੇ ਲੰਗਰ ਵਾਸਤੇ ਸੁਹਣਾ ਸਥਾਨ ਤਿਆਰ ਹੋ ਗਿਆ ਹੈ । ਟੱਟੀਆਂ, ਗੁਸਲਖਾਨੇ ਤੇ ਕਪੜੇ ਧੋਣ ਲਈ ਜਗਹ ਵੀ ਬਣ ਗਈ ਹੈ । ਸ੍ਰੀ ਸਤਿਗੁਰੂ ਜੀ ਵਾਸਤੇ ਸ਼ੁਧ ਦੁਧ ਘਿਉ ਦੀ ਵਿਵਸਥਾ ਲਈ ਗਊਆਂ-ਮੱਝਾਂ ਲਈ ਸ਼ੈੱਡ ਵੀ ਤਿਆਰ ਕੀਤੇ ਗਏ ਹਨ ।


Sri Satguru Jagjit Singh Ji eLibrary NamdhariElibrary@gmail.com

**ਬੀਤਿਆ ਕਲ੍ਹ**

ਸੰਤ ਮਹਿੰਦਰ ਸਿੰਘ ਪੂਰਬਾ ਨੂੰ ਮੈਂ ਸਤਿਗੁਰਾਂ ਦੀ ਬੀਤੇ ਕਲ੍ਹ ਦੀ ਦਿਨ ਚਰਯਾ ਪੁੱਛੀ ਤਾਂ ਗੁਰੂ ਕੇ ਸੇਵਕ ਅਤੇ ਖਜ਼ਾਨਚੀ ਨੇ ਦਸਿਆ : ਕਲ੍ਹ ਸੱਚੇ ਪਾਤਸ਼ਾਹ ਜੀ ਨੇ ਆਸਾ ਦੀ ਵਾਰ ਸ੍ਰੀ ਭੈਣੀ ਸਾਹਿਬ ਸੁਣੀ। ਦੁਕੋਹੇ ਜਾ ਕੇ ਬਾਬਾ ਪਾਲਾਸਿੰਘ ਨੂੰ ਦਰਸ਼ਨ ਦਿਤੇ। ਫਿਰ ਬਾਬਾ ਪ੍ਰੇਮ ਸਿੰਘ ਨਮਿਤ ਪਾਏ ਗਏ ਭੋਗ ਸਮੇਂ ਲੁਹਾਰਾਂ ਪਧਾਰੇ। ਏਥੋਂ ਪੁਰਦਲ ਨੰਗਲ ਮਾਤਾ ਜੀ ਨੂੰ ਦਰਸ਼ਨ ਜਾ ਦਿਤੇ। ਇਸ ਮਾਤਾ ਜੀ ਨੇ ਸਤਿਗੁਰੂ ਜੀ ਨੂੰ ਮਾਂ ਵਾਂਗ ਧਿਆਨ ਦਿਤਾ ਹੈ। ਮੋਹ ਇਨ੍ਹਾਂ ਨਾਲ ਪੁੱਤਾਂ ਵਰਗਾ ਸਤਿਕਾਰ ਸਤਿਗੁਰੂ ਜੀ ਜੈਸਾ ਹੈ। ਅੱਜ ੯ ਵਜੇ ਸਵੇਰੇ ਭੈਣੀ ਸਾਹਿਬੋਂ ਚਲ ਕੇ ਪੌਣੇ ਦੋ ਵਜੇ ਦਿੱਲੀ ਪੁਜੇ ਹਾਂ।

**ਡਾ: ਨਵੀਨ**

ਰਾਤੀਂ ੯.੧੫ ਵਜੇ ਡਾ: ਨਵੀਨ ਆਹਲੂਵਾਲੀਆ ਸ੍ਰੀ ਗੁਰਭਜਨ ਸਿੰਘ ਦੀ ਪ੍ਰੇਰਨਾ ਨਾਲ ਸ੍ਰੀ ਸਤਿਗੁਰਾਂ ਜੀ ਦੇ ਦਰਸ਼ਨਾਂ ਨੂੰ ਆਇਆ। ਸਭਿਅਤਾ ਦੀ ਗੱਲ ਚੱਲੀ ਤਾਂ ਸੱਚੇ ਪਾਤਸ਼ਾਹ ਜੀ ਨੇ ਫ਼ਰਮਾਇਆ : ਅਸੀਂ ਤਾਂ ਭਾਰਤੀ ਸਭਿਅਤਾ ਦੇ ਧਾਰਨੀ ਬਣੇ ਰਹਿਣ ਲਈ ਸੰਘਰਸ਼ ਕਰਦੇ ਹਾਂ। ਤੁਸਾਂ ਯੂਰਪ ਤੋਂ ਪ੍ਰਭਾਵ ਗ੍ਰਹਿਣ ਕਰਕੇ ਬੁਸ਼ਰਟ ਪੈਂਟ ਪਹਿਨੀ ਹੈ। ਪਰ ਤੁਹਾਡੀ ਧਰਮਪਤਨੀ ਸਾਹੜੀ ਧਾਰੀ ਹੈ ਜੋ ਸ਼ੁਧ ਭਾਰਤੀ ਪਹਿਰਾਵਾ ਹੈ। ੧੫ ਕੁ ਮਿੰਟ ਦੇ ਵਿਚਾਰ ਵਟਾਂਦਰੇ ਅਤੇ ਜਲਪਾਣ ਕਰਨ ਉਪਰੰਤ ਡਾਕਟਰ ਜੋੜੀ ਵਾਪਸ ਆ ਗਈ।

ਇਹ ਡਾਕਟਰ ਪਿਛੋਂ ਖੰਨਾ ਸ਼ਹਿਰ ਪੰਜਾਬ ਦਾ ਹੈ। ਜਰਮਨੀ ਵਿਚ ਇਸ ਨੇ ਐਮ. ਬੀ. ਬੀ. ਐਸ. ਦੀ ਡਿਗਰੀ ਲਈ ਹੈ ਇਸ ਦਾ ਪਿਤਾ ਵਕੀਲ ਸੀ। ਦਾਦਾ ਦੇਸ਼ ਭਗਤੀ ਭਰੇ ਵਿਚਾਰਾਂ ਵਾਲਾ ਡਾਕਟਰ ਨਰੋਤਾ ਰਾਮ ਸੀ ਜਿਸ ਨੇ ਲਾਲਾ ਲਾਜਪਤ ਰਾਇ ਆਦਿ ਕਾਂਗਰਸੀਆਂ ਨਾਲ ਭਾਰਤ ਸੁਤੰਤਰਤਾ ਵਿਚ ਭਰਪੂਰ ਸੰਘਰਸ਼ ਕੀਤਾ ਸੀ। ਦਾਦੇ ਦੀ ਇਸ ਸਰਗਰਮੀ ਸਦਕਾ ਅੰਗਰੇਜ਼ਾਂ ਨੇ ਤਾਂ ਨਵੀਨ ਦੇ ਪਿਤਾ ਨੂੰ ਨੌਕਰੀ ਨਹੀਂ ਸੀ ਦਿਤੀ।

**੧੩ ਅਕਤੂਬਰ ੧੯੭੮, ਸ਼ੁਕਰਵਾਰ**
**ਨਵੀਂ ਦਿੱਲੀ**

ਆਸਾ ਦੀ ਵਾਰ ਦਾ ਕੀਰਤਨ, ਗੁਰੂ ਕੀ ਹਜ਼ੂਰੀ ਵਿਚ, ਅੱਜ ਮੋਰੀ ਗੇਟ ਦੇ ਨਜ਼ਦੀਕ ਕਿਸੇ ਸਿੰਘ ਘਰ ਹੋਇਆ। ਜਾ ਕੇ ਦਰਸ਼ਨ ਨਹੀਂ ਕਰ ਸਕਿਆ, ਅਨਜਾਣੀ ਥਾਂ ਹੋਣ ਕਰਕੇ।

**ਕਲ੍ਹ ਥਾਈਲੈਂਡ ਨੂੰ**

ਸ੍ਰੀ ਗੁਰਭਜਨ ਸਿੰਘ ਨਾਮਧਾਰੀ ਟਰੈਵਲਜ਼ ਤੋਂ ਪਤਾ ਲਗਾ ਹੈ ਕਿ ਸ੍ਰੀ ਸਤਿਗੁਰੂ ਜੀ ੧੪ ਅਕਤੂਬਰ ਨੂੰ ਸਵੇਰੇ ੬ ਵਜੇ ਦੀ ਫਲਾਈਟ ਤੇ ਥਾਈਲੈਂਡ ਜਾਣਗੇ। ਏਥੇ ਕਿਸੇ ਜਗਾਹ ਮਹਾ ਮਾਨਿਅ ਡਾ: ਸੁਚਾਟ ਇਕ ਕੌਮਾਂਤਰੀ ਕੇਂਦਰ ਦਾ ਉਦਘਾਟਨ ਸ੍ਰੀ ਸਤਿਗੁਰੂ ਜੀ ਦੁਆਰਾ ਕਰਵਾਣਾ ਚਾਹ ਰਹੇ ਹਨ। ਹੇਠ ਲਿਖੇ ਵਿਅਕਤੀ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਜਾ ਰਹੇ ਹਨ : ਸ੍ਰੀ ਮਾਤਾ ਜੀ, ਸੰਤ ਪੂਰਬਾ, ਸ. ਸੁਰਿੰਦਰ ਸਿੰਘ ਮਨਚੰਦਾ ਅਤੇ ਪ੍ਰੀਤਮ ਸਿੰਘ ਕਵੀ।

ਮੈਨੂੰ ਅਜੇ ਸਤਿਗੁਰਾਂ ਇਸ਼ਾਰਾ ਤਕ ਨਹੀਂ ਕੀਤਾ ਥਾਈਲੈਂਡ ਜਾਣ ਦਾ। ਸੋਚਦੇ ਹਨ, ਕਹਿਣਾ ਕੀ ਹੈ, ਪਤਾ ਲਗ ਹੀ ਜਾਵੇਗਾ। ਇਸ ਅਚਾਨਕਤਾ ਦਾ ਸੁਆਦ ਵਾਧੂ ਲਿਆ ਜਾਵੇਗਾ। ਮੇਰੇ ਲਈ ਬੈਂਕੋਕ-ਥਾਈਲੈਂਡ ਦਾ ਇਹ ਦੂਜਾ ਭਰਮਣ ਹੋਵੇਗਾ। ਪਿਛੇ ੧੯੭੨ ਵਿਚ ਸੇਠ ਪਿਆਰਾ ਸਿੰਘ ਨਰੂਲਾ ਨੇ ਬੈਂਕੋਕ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਵਿਚ, ਇਹਨਾਂ ਦੇ ਗੁਰੱਤਵ ਕਾਲ ਵਿਚ ਪਹਿਲਾ ਹੋਲਾ ਪਰ ਨਾਮਧਾਰੀਆਂ ਦਾ ਦੂਜਾ ਵਿਦੇਸ਼ੀ ਹੋਲਾ ਕਰਵਾਇਆ ਸੀ। ਓਦੋਂ ਵੀ ਸ੍ਰੀ ਸਤਿਗੁਰੂ ਜੀ ਦੇ ਉਸ ਵੇਲੇ ਦੇ ਨਿਜੀ ਸਕਤਰ ਸ੍ਰੀ ਗੁਰਭਜਨ ਸਿੰਘ ਦੁਆਰਾ ਬੜੇ ਨਾਟਕੀ ਤਰੀਕੇ ਨਾਲ ਮੇਰਾ ਪਾਸਪੋਰਟ ਬਣਵਾਕੇ, ਥਾਈਲੈਂਡ ਯਾਤਰਾ ਦਾ ਪਹਿਲਾ ਅਵਸਰ ਮੁਹਈਆ ਕੀਤਾ ਸੀ। ਦੂਜੀ ਵਾਰ ਸੱਚੇ ਪਾਤਸ਼ਾਹ ਜੀ ਨੇ ਮੇਰੇ ਵਾਸਤੇ ਇਕ ਸ਼ਾਨਦਾਰ ਵਿਦੇਸ਼ ਯਾਤਰਾ ਦਾ ਮੌਕਾ ੧੯੭੪ ਦਾ ਪੈਦਾ ਕੀਤਾ, ਜਿਸ ਰਾਹੀਂ ਮੈਂ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਦੀ ਪ੍ਰਥਮ ਯਾਤਰਾ ਸ੍ਰੀ ਸਤਿਗੁਰੂ ਜੀ ਨਾਲ ਕੀਤੀ।

**ਤਿਹਾਈ ਦੀ ਇਕ ਕਿਸਮ**

ਅਜ ਮੈਂ ੧੧ ਵਜੇ ਹੀ ਕੋਠੀ ਪੂਸਾ ਰੋਡ ਪੁਜਾ। ਸਾਧ ਸੰਗਤ ਕਾਫੀ ਗਿਣਤੀ ਵੀ ਦਰਸ਼ਨ ਇਵਜ਼ ਨਾਲ ਇੰਤਜਾਰ ਵਿਚ ਬੈਠੀ ਸੀ। ਜਾਂ ਮੈਂ ਕਲ ਵਾਂਗ ਜ਼ਰਾ ਕੁ ਬੂਹਾ ਖੋਲ੍ਹ ਸਤਿਗੁਰੂ ਜੀ ਦੇ ਆਰਾਮ ਕਮਰੇ ਵਿਚ ਝਾਕਿਆ ਤਾਂ ਸ੍ਰੀ ਮਹਾਰਾਜ ਜੀ ਦੀ ਆਵਾਜ਼ ਆਈ : ਬਸ, ਤੁਸੀਂ ਲੰਘ ਆਓ ਅੰਦਰ, ਹੋਰ ਕੋਈ ਨਾ ਆਵੇ। ਸਤਿਗੁਰੂ ਜੀ ਨੇ ਵਿਆਖਿਆ ਕੀਤੀ : ਤਿਹਾਈ ਲਗ ਗਈ। ਪਹਿਲਾਂ ਭਾਰਤੀ ਹੁਰੀਂ ਆਏ ਤਾਂ ਮੈਂ ਕਿਹਾ, ਲੰਘ ਆਓ ਅੰਦਰ ਹੋਰ ਕੋਈ ਨ ਆਵੇ। ਫੇਰ ਹਰਵਿੰਦਰ ਸਿੰਘ ਨੇ ਅੰਦਰ ਝਾਕਿਆ ਤਾਂ ਮੈਂ ਕਿਹਾ, ਲੰਘ ਆਓ ਅੰਦਰ ਹੋਰ ਕੋਈ ਨ ਆਵੇ। ਤੁਹਾਡੇ ਬਾਰੇ ਮੈਂ ਅੰਦਰ ਗੱਲ ਰਖੀ ਹੋਈ ਸੀ ਕਿ ਕਵੀ ਹੁਰਾਂ ਅਜੇ ਆਉਣਾ ਹੈ। ਤੁਹਾਨੂੰ ਮਹਾਰਾਜ ਜੀ ਨੇ ਉਚ ਸ਼ਬਦ ਕਹਿਕੇ ਤਿਹਾਈ ਲਗਾ ਦਿਤੀ ਹੈ।

ਸ੍ਰੀ ਸਤਿਗੁਰੂ ਜੀ ਸੋਧ ਦਾ ਇਸ਼ਨਾਨ ਕਰ ਰੇਸ਼ਮੀ ਬਸਤਰ ਪਾਈ, ਵਿਛੇ ਹੋਏ ਮੰਜੇ ਉਪਰ ਚੋਕੜਾ ਲਾਈ ਬੈਠੇ


Sri Satguru Jagjit Singh Ji eLibrary NamdhariElibrary@gmail.com

ਸਨ। ਮਹਾਰਾਜ ਜੀ, ਭਾਰਤੀ ਜੀ, ਹੰਸਪਾਲ ਅਤੇ ਇਕ ਅੱਧਾ ਹੋਰ ਸਰੀਰ ਅੰਦਰ ਸੀ। ਮਹਾਰਾਜ ਜੀ ਪਾਸ ਅਖਬਾਰਾਂ ਦੇ ਕਟਿੰਗਿਜ਼ ਦੀ ਫਾਈਲ ਅਤੇ 'ਸਤਿਜੁਗ' ਦੀਆਂ ਫਾਈਲਾਂ ਪਈਆਂ ਸਨ। ਮੁਮਕਿਨ ਹੈ ਸਤਿਗੁਰੂ ਜੀ ਪਾਸੋਂ ਪ੍ਰਾਪਤ ਕੀਤੀਆਂ ਗਈਆਂ ਹੋਣ। ਸਤਿਗੁਰੂ ਜੀ ਨੇ ਮੈਨੂੰ ਸੰਤ ਸੰਤੋਖ ਸਿੰਘ ਦੀ ਪੁਸਤਕ ਤੇ ਹਜ਼ੂਰ ਦਾ ਅੰਮ੍ਰਿਤਸਰ ਵਿਚ ਕੀਤਾ ਟੇਪ ਭਾਸ਼ਣ ਲਿਆਕੇ ਮਹਾਰਾਜ ਜੀ ਨੂੰ ਦੇਣ ਵਾਸਤੇ ਆਗਿਆ ਕੀਤੀ।

ਮਾਤਾ ਜੀ ਨੇ ਮਹਾਰਾਜ ਜੀ ਨੂੰ ਥਾਈਲੈਂਡ ਲਿਆਂਦੀ ਨਾਈਲਨ ਦੀ ਇਕ ਰਜ਼ਾਈ ਵਾਲਾ ਪੈਕ ਉਸ ਵਿਚ ਇਕ ਸੂਟ ਦਾ ਕਪੜਾ ਹੋਰ ਪਾ ਕੇ ਲਿਆ ਦਿਤਾ। ਮਹਾਰਾਜ ਜੀ ਨੇ ਜਲੰਧਰ ਜਾਣਾ ਸੀ ਤੇ ਕਿਸੇ ਨੂੰ ਇਹ ਤੋਹਫੇ ਦੇ ਤੌਰ ਦੇਣਾ ਹੋਵੇਗਾ।

੧੨.੩੦ ਹੋ ਗਏ ਹਨ। ਦਰਸ਼ਨਾਂ ਲਈ ਇਕਤਰ ਸੰਗਤ ਚੋਂ ਇਹਨਾਂ ਦੇ ਨਾਮ ਮੈਨੂੰ ਪਤਾ ਹਨ: ਸਰਬ ਸ੍ਰੀ ਹਰਮੀਤ ਸਿੰਘ ਢੋਡਾ, ਸੁਖਬੀਰ ਸਿੰਘ ਗੁਲਾਟੀ, ਧਰਮ ਸਿੰਘ ਡਾਲਟਨਗੰਜ, ਮਹਿੰਦਰ ਸਿੰਘ ਬਾਲੀ ਨਗਰ, ਬਾਬੂ ਕਰਤਾਰ ਸਿੰਘ, ਸੁਖਦੇਵ ਸਿੰਘ ਗਾਇਕ, ਸੁਰਿੰਦਰ ਸੁਮਨ, ਦਰਸ਼ਨ ਸਿੰਘ ਡਾ: ਗੰ: ਵਾਲਾ ਦਰਸ਼ਨ ਕਰ ਗਏ ਸਨ। ਬਹੁਤ ਸਾਰੀਆਂ ਬੀਬੀਆਂ ਵੀ ਮੌਜੂਦ ਹਨ। ਸ: ਬਲਦੇਵ ਸਿੰਘ ਸਰਸਾ ਤੋਂ ਬਨਾਰਸੋਂ ਸ. ਇੰਦਰ ਸਿੰਘ ਤੇ ਉਸ ਦੀ ਪਤਨੀ ਸੁਰਜੀਤ ਕੌਰ, ਇਸ ਬੀਬੀ ਦਾ ਭਾਈ ਹਰਭਜਨ ਸਿੰਘ ਥਾਈਲੈਂਡ ਤੋਂ। ਦਿਲੀ ਦੀਆਂ ਹਰਜੀਤ ਤੇ ਚਰਨ-ਜੀਤ ਕੌਰ।

## ਪੰਜਾਬ ਦਾ ਸੰਕਟ

ਕਲ ਅਖਬਾਰਾਂ ਦੀ ਮੁਖ ਖਬਰ ਪੰਜਾਬ ਦੇ ਵਿਦਿਆ ਮੰਤਰੀ ਸ. ਸੁਖਜਿੰਦਰ ਸਿੰਘ ਦਾ ਅਕਾਲੀ ਵਜ਼ਾਰਤ ਚੋਂ ਨਿਸ਼ਕਾਸਨ ਸੀ। ਅੱਜ ਉਸ ਦੇ ਤਿੰਨ ਹਮਾਇਤੀ ਮੰਤਰੀਆਂ ਸ. ਜਸਵਿੰਦਰ ਸਿੰਘ ਬਰਾੜ, ਸ੍ਰ. ਰਣਧੀਰ ਸਿੰਘ ਚੀਮਾ ਅਤੇ ਸ੍ਰੀਮਤੀ ਸਤਵੰਤ ਕੌਰ ਸੰਧੂ ਨੇ ਅਕਾਲੀ ਦਲ ਦੇ ਪ੍ਰਧਾਨ ਸ੍ਰ. ਜਗਦੇਵ ਸਿੰਘ ਤਲਵੰਡੀ ਨੂੰ ਅਸਤੀਫੇ ਪੇਸ਼ ਕਰ ਦਿਤੇ ਹਨ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਦੀ ਵਜ਼ਾਰਤ ਨੂੰ ਆਪਣੇ ਵਲੋਂ ਸੰਕਟ ਪੈਦਾ ਕਰ ਦਿਤਾ ਹੈ।

## ਭਜਨ ਪੁੱਛਣਾ

ਸੰਤ ਮਹਿੰਦਰ ਸਿੰਘ ਪੂਰਬਾ ਨੇ ਦਸਿਆ ਕਿ ਜਿਸ ਘਰ ਅਜ ਆਸਾ ਦੀ ਵਾਰ ਦਾ ਕੀਰਤਨ ਹੋਇਆ ਹੈ ਉਸ ਘਰ ੨੭ ਇਸਤਰੀ ਪੁਰਸ਼ਾਂ ਨੇ ਭਜਨ ਪੁਛਕੇ ਸਤਿਗੁਰਾਂ ਦੀ ਸ਼ਰਣ ਗ੍ਰਹਿਣ ਕੀਤੀ ਹੈ। ਪਰਵਾਰ ਸਾਰਾ ਹੀ ਬੜਾ ਪ੍ਰੇਮੀ ਸੀ।

## ਬੰਗਲੌਰ ਨੂੰ

ਸੰਤ ਹਰਮੀਤ ਸਿੰਘ ਢੋਡਾ, ਸਤਿਗੁਰੂ ਦੇ ਬਾਬੂ ਨੇ ਇਕ ਫਹਿਰਿਸਤ ਵਖਾਈ ਹੈ ਜਿਸ ਅਨੁਸਾਰ ਹੇਠ ਲਿਖੇ ਸਿੰਘ ਸਿੰਘਣੀਆਂ ਦੀਆਂ ਬੈਂਗਲੌਰ ਲਈ ਰੇਲਵੇ ਰੀਜ਼ਰਵੇਸ਼ਨ ਕਰਵਾਣੀ ਹੈ: ੧. ਸੰਤ ਕੌਰ ਸੁਪਤਨੀ ਸੰਤ ਦਿਆਲ ਸਿੰਘ ਮੁਠਡਾ, ੨. ਸੰਤ ਸੰਤੋਖ ਸਿੰਘ ਦੀ ਪਤਨੀ, ੩. ਸੰਤ ਮਹਿੰਦਰ ਸਿੰਘ ਦੀ ਪਤਨੀ, ੪. ਬੇਬੇ ਦਲੀਪ ਕੌਰ ਜੀ, ੫. ਸੰਤ ਖਜ਼ਾਨ ਸਿੰਘ ਮਹਾਰਾਜ ਜੀ ਦੇ ਸੇਵਕ, ੬. ਮਾਤਾ ਜਸਬੀਰ ਕੌਰ। ਤਾਰੀਖ ਮਹਾਰਾਜ ਜੀ ਦਸਣਗੇ।

ਅਜ ਕਲ ਬੈਂਗਲੌਰ ਦਾ ਫਾਰਮ ਵੇਚਣ ਦੀ ਗਲਬਾਤ ਚਲ ਰਹੀ ਹੈ। ਮਹਾਰਾਜ ਜੀ ਨੇ ੯ ਲਖ ਰੁਪੈ ਤੋਂ ਵੇਚ ਦੇਣ ਦਾ ਮਨ ਬਣਾ ਲਿਆ ਹੈ। ਸਤਿਗੁਰਾਂ ਹੁਕਮ ਕੀਤਾ ਹੈ ੨੦ ਲਖ ਰੁਪੈ ਤੋਂ ਵੇਚ ਦਿਓ। ੮ ਲਖ ਦਾ ਫਾਰਮ ਲੈ ਕੇ ੯ ਲਖ ਤਕ ਹੀ ਵੇਚਣਾ ਹੈ ਤਾਂ ਉਪਰ ਕੀਤੇ ਖਰਚ ਤਾਂ ਭੰਗ ਦੇ ਭਾੜੇ ਹੀ ਗਏ।

## ਨਾਮ ਸਿਮਰਨ

ਦੋ ਵਜਦਿਆਂ ਹੀ ਸੇਠ ਤ੍ਰਿਲੋਕ ਸਿੰਘ ਜੀ ਦੀ ਕੋਠੀ ਦੇ ਉਪਰਲੇ ਹਾਲ ਵਿਚ ਨਾਮ ਸਿਮਰਨ ਆਰੰਭ ਦੀ ਅਰਦਾਸ ਸ. ਸੇਵਾ ਸਿੰਘ ਨਾਮਧਾਰੀ ਏਜੰਸੀਜ਼ ਨੇ ਕੀਤੀ। ਸਮਾਪਤੀ ਦੀ ਪੂਰਬਾ ਜੀ ਨੇ। ਸਤਿਗੁਰਾਂ ਦੀ ਹਜ਼ੂਰੀ ਵਿਚ ਸੁਰਿੰਦਰ ਸਿੰਘ ਸੁਮਨ ਨੇ 'ਜੰਗਲਾ ਭੈਰਵੀ' ਵਿਚ "ਜਾ ਤੂੰ ਮੇਰੇ ਵਲ ਹੈ ਤਾਂ ਕਿਆ ਮੁਹਛੰਦਾ ਗਈ ਗੁਜਰੀ ਟਿਊਨ ਵਿਚ ਸੁਣਇਆ ਤਾਂ ਸ੍ਰੀ ਸਤਿਗੁਰੂ ਜੀ ਨੇ ਟਿੱਪਣੀ ਕੀਤੀ: ਬਹੁਤ ਸਬਰ ਨਾਲ ਤੇਰੀ ਟਿਊਨ ਸੁਣੀ ਹੈ। ਸ਼ੁਕਰ ਕਰ ਵਿਚੋਂ ਹੀ ਬੰਦ ਨਹੀਂ ਕਰ ਦਿਤਾ।

ਸੁਮਨ: ਇਹ ਜੰਗਲਾ ਭੈਰਵੀ ਹੈ ਜੀ।

ਸਤਿਗੁਰੂ ਜੀ: ਭੈਰਵੀ ਬਾਰੇ ਤਾਂ ਕਿਸੇ ਨੂੰ ਸ਼ੰਕਾ ਨਹੀਂ। ਅਸੀਂ ਇਹ ਢਿੱਲੀਆਂ, ਮਰੂੰ ਮਰੂੰ ਕਰਦੀਆਂ ਤਰਜ਼ਾਂ ਸੁਣਨ ਦੇ ਆਦੀ ਨਹੀਂ। ਕਿਸੇ ਹੋਰ ਗੁਰਦੁਆਰੇ ਜਾ ਗਉਣੀਆਂ ਸਾਈ।

ਫਿਰ ਹਰਭਜਨ ਸ਼ਿੰਘ ਗੁਰਦੇਵ ਸਿੰਘ ਜੋੜੀ ਨੇ, "ਸਖੀ ਨਾਲ ਵਸਾ ਆਪਣੇ ਸਾਹ ਪਿਆਰੇ ਮੇਰਾ ਤਨਮਨ ਹਰਿ ਸੰਗ ਮਿਲਿਆ" ਸ਼ਬਦ ਰਾਗ ਭੀਮ ਪਲਾਸੀ ਤਾਰ ਚਾਰ ਵਿਚ ਸੁਣਾਇਆ। ਜਿਸ ਨਾਲ ਨਾਮਧਾਰੀ ਦੀਵਾਨਾਂ ਦੀ ਗਾਉਣ ਪੱਧਤੀ ਮੰਡਲ ਵਿਚ ਸਿਰਕੀ। ਮਹਾਰਾਜ ਜੀ ਨੇ ਤਬਲਾ ਸੰਗਤ ਕੀਤੀ ਅਤੇ ਸਤਿਗੁਰੂ ਜੀ ਨੇ ਦਿਲਰੁਬਾ ਆਨੰਦ ਸਿਰਜਿਆ।

(ਚਲਦਾ)


Sri Satguru Jagjit Singh Ji eLibrary NamdhariElibrary@gmail.com

# ਇਸ਼ਨਾਨ

ਭਾਰਤੀ ਅਧਿਆਤਮਕ ਜੀਵਨ ਵਿਚ ਇਸ਼ਨਾਨ ਦਾ ਬੜਾ ਮਹੱਤਵ ਹੈ। ਇਸ਼ਨਾਨ ਨੂੰ ਸਰੀਰ ਤੋਂ ਛੁਟ ਮਾਨਸਿਕ ਤੇ ਆਤਮਿਕ ਸ਼ੁਧੀ ਦਾ ਵੀ ਸਾਧਨ ਮੰਨਿਆ ਗਿਆ ਹੈ— 'ਜਲ ਮਿਲਿਆ ਪਰਮੇਸ਼ਰ ਮਿਲਿਆ।' ਇਥੇ ਸਰੀਰ ਦੀ ਸਫਾਈ ਦੇ ਖਿਆਲ ਨਾਲੋਂ ਧਾਰਮਿਕ ਭਾਵਨਾ ਨਾਲ ਇਸਨਾਨ ਵਧੇਰੇ ਕੀਤੇ ਜਾਂਦੇ ਹਨ। ਧਾਰਮਿਕ ਰਸਮਾਂ ਰੀਤਾਂ, ਸੰਸਕਾਰਾਂ ਤੇ ਪੂਜਾ ਪਾਠ ਵੇਲੇ ਪਹਿਲਾਂ ਇਸ਼ਨਾਨ ਕਰਨਾ ਕਰਮ ਕਾਂਡ ਦਾ ਹਿੱਸਾ ਹੈ। ਮੱਧਕਾਲ ਵਿਚ ਕਰਮ ਕਾਂਡੀ ਹਿੰਦੂ ਤਾਂ ਸ਼ੁਧੀ ਦੀ ਖ਼ਾਤਰ ਦਿਨ ਵਿਚ ਅਨੇਕਾਂ ਵਾਰ ਨਹਾਂਦੇ ਸਨ ਅਤੇ ਇਸ਼ਨਾਨ ਆਪਣੇ ਆਪ ਵਿਚ ਇਕ ਸੰਸਕਾਰ ਬਣ ਚੁਕਾ ਸੀ।

ਵੈਦਿਕ ਕਾਲ ਤੋਂ ਹੀ, ਹਿੰਦੂਆਂ ਵਿਚ ਇਸ਼ਨਾਨ ਦਾ ਬੜਾ ਮਹੱਤਵ ਚਲਿਆ ਆ ਰਿਹ ਹੈ। ਵੈਦਿਕ ਕਾਲ ਵਿਚ ਪ੍ਰੇਤ-ਰੂਹਾਂ ਦੇ ਮੰਦੇ ਪ੍ਰਭਾਵ ਤੋਂ ਬਚਣ ਲਈ ਸ਼ੁਧੀ ਜ਼ਰੂਰੀ ਸਮਝੀ ਜਾਂਦੀ ਸੀ ਅਤੇ ਸ਼ੁਧੀ ਲਈ ਇਸ਼ਨਾਨ। ਮੈਤਰਯਾਨੀ ਸੰਹਿਤਾ ਅਨੁਸਾਰ ਪ੍ਰੇਤ-ਰੂਹਾਂ ਜਲਧਾਰਾ ਨੂੰ ਪਾਰ ਨਹੀਂ ਕਰਦੀਆਂ। ਜਲ ਦੇ ਛੱਟੇ ਪੈਂਦਿਆਂ ਹੀ ਪ੍ਰੇਤ ਰੂਹਾਂ ਨੱਠ ਜਾਂਦੀਆਂ ਹਨ।

ਪਰ ਪੌਰਣਿਕ ਕਾਲ ਵਿਚ ਵਰਤ ਤੇ ਪੁੰਨ ਦਾਨ ਦੇ ਨਾਲ ਨਾਲ ਇਸ਼ਨਾਨ ਦਾ ਵੀ ਸਹਿਜ ਰੂਪ ਵਿਚ ਬਹੁਤ ਜ਼ਿਆਦਾ ਮਹਾਤਮ ਸਮਝਿਆ ਜਾਣ ਲੱਗਾ। ਜਗਿਆਸੂ ਲਈ ਵਰਤ ਰਖਣ ਦੇ ਪੁੰਨ ਦਾਨ ਕਰਨ ਤੋਂ ਪਹਿਲਾਂ ਇਸ਼ਨਾਨ ਲਾਜ਼ਮੀ ਸੀ, ਨਹੀਂ ਤਾਂ ਇਨ੍ਹਾਂ ਦਾ ਫਲ ਨਹੀਂ ਸੀ ਮਿਲਦਾ।

ਇਸ਼ਨਾਨ ਕੇਵਲ ਜਲ ਨਾਲ ਹੀ ਨਹੀਂ ਕੀਤਾ ਜਾਂਦਾ, ਭਸਮ ਤੇ ਪੌਣ ਆਦਿ ਨਾਲ ਵੀ ਕਰਨ ਦੀ ਪ੍ਰਥਾ ਹੈ। ਪਾਰਾਸ਼ਰ ਸਿਮ੍ਰਿਤੀ ਵਿਚ ਹੇਠ ਦਿਤੇ ਪੰਜ ਇਸ਼ਨਾਨ ਮੰਨੇ ਗਏ ਹਨ :—

(੧) ਆਗਨੇਯ (ਭਸਮ ਨਾਲ ਸਰੀਰ ਦੀ ਸ਼ੁਧੀ)

(੨) ਵਾਰੁਣ (ਜਲ ਨਾਲ ਇਸ਼ਨਾਨ)

(੩) ਬ੍ਰਹਮ (ਵੇਦ ਮੰਤ੍ਰਾਂ ਨਾਲ ਸ਼ੁਧੀ)

(੪) ਵਾਯਵਯ (ਪੌਣ ਨਾਲ ਸ਼ੁਧਤਾ)

(੫) ਦਿਵਯ (ਵਸਦੇ ਮੀਂਹ ਜਾਂ ਧੁਪ ਵਿਚ ਇਸ਼ਨਾਨ)

ਹਿੰਦੂ ਸਰੀਰਕ ਸ਼ੁਧੀ ਲਈ ਇਸ਼ਨਾਨ ਨੂੰ ਬੜੀ ਮਹਾਨਤਾ ਦੇਂਦੇ ਹਨ। ਘਰ ਵਿਚ ਬੱਚੇ ਦੇ ਜਨਮ ਨਾਲ ਸੂਤਕ ਪ੍ਰਵੇਸ਼ ਕਰ ਜਾਂਦਾ ਹੈ ਤੇ ਘਰ ਦੇ ਸਾਰੇ ਜੀਵ ਅਸ਼ੌਚ ਅਥਵਾ ਪਲੀਤ ਮੰਨੇ ਜਾਂਦੇ ਹਨ। ਦਸਵੇਂ, ਤੇਰ੍ਹਵੇਂ ਜਾਂ ਇਕੀਵੇਂ ਤਕ ਗਲੀ ਗੁਆਂਢ ਦੇ ਲੋਕ ਸੂਤਕ ਵਾਲੇ ਘਰ ਨਾਲ ਵਰਤਣ ਵਿਹਾਰ ਨਹੀਂ ਰਖਦੇ। ਜੇ ਕੋਈ ਸ਼ਖਸ ਸੂਤਕ ਵਾਲੇ ਘਰ ਆਵੇ ਜਾਵੇ ਜਾਂ ਉਸ ਘਰ ਦੇ ਕਿਸੇ ਜੀਅ ਨੂੰ ਛੁਹ ਜਾਏ ਤਾਂ ਸ਼ੁਧੀ ਲਈ ਇਸ਼ਨਾਨ ਜ਼ਰੂਰੀ ਹੈ। ਇਨ੍ਹਾਂ ਦਿਨਾਂ ਤੋਂ ਮਗਰੋਂ ਸਾਰੇ ਘਰ ਨੂੰ ਜਲ ਨਾਲ ਧੋ ਕੇ ਤੇ ਸ਼ੁਧ ਕਰ ਕੇ ਸੂਤਕ ਕੱਢਿਆ ਜਾਂਦਾ ਹੈ। ਘਰ ਦੇ ਸਾਰੇ ਜੀਵ ਕੇਸੀ ਇਸ਼ਨਾਨ ਕਰਦੇ ਹਨ। ਬੱਚੇ ਦੇ ਜੰਮਣ ਮਗਰੋਂ ਜਣਨੀ ਲਈ ਰਸਮੀ ਇਸ਼ਨਾਨ ਬਹੁਤ ਜ਼ਰੂਰੀ ਹੈ। ਕਈਆਂ ਵਿਚ ਪੰਜਵਾਂ ਨਹਾਉਣ ਦੀ ਰੀਤ ਹੈ, ਕਈਆਂ ਵਿਚ ਤੇਰ੍ਹਵਾਂ ਜਾਂ ਇਕੀਵਾਂ।

ਮੌਤ ਵਾਲਾ ਘਰ ਵੀ ਦਸਾਂ/ਤੇਰ੍ਹਾਂ ਦਿਨਾਂ ਲਈ ਅਸ਼ੁਧ ਹੋ ਜਾਂਦਾ ਹੈ। ਇਸ ਅਸ਼ੁਧੀ ਨੂੰ ਪਾਤਕ ਕਹਿੰਦੇ ਹਨ (ਵੇਖੋ : ਪਾਤਕ)। ਨਿਸਚਿਤ ਦਿਨਾਂ ਮਗਰੋਂ ਘਰ ਦੀ ਸਫ਼ਾਈ ਤੇ ਸ਼ੁਧੀ ਕਰ ਕੇ ਪਾਤਕ ਕੱਢਿਆ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਕੋਈ ਹਿੰਦੂ ਕਿਸੇ ਮ੍ਰਿਤਕ ਦਾ ਦਾਹ ਸੰਸਕਾਰ ਕਰਨ ਲਈ ਅਰਥੀ ਨਾਲ ਮਰਘਟ ਜਾਂਦਾ ਹੈ ਤਾਂ ਵਾਪਸੀ ਉਤੇ ਉਹ ਕਿਸੇ ਸਰੋਵਰ, ਟੋਭੇ ਜਾਂ ਜਲਧਾਰਾ ਵਿਚ ਕਪੜਿਆਂ ਸਮੇਤ ਇਸ਼ਨਾਨ ਕਰੇ ਬਗ਼ੈਰ ਘਰ ਪੈਰ ਨਹੀਂ ਪਾਉਂਦਾ।

ਮਾਹਵਾਰੀ ਵਾਲੀ ਤੀਵੀਂ ਨੂੰ ਚਾਰ ਦਿਨਾਂ ਲਈ ਅਪਵਿਤਰ ਸਮਝਿਆ ਜਾਂਦਾ ਹੈ। ਇਨ੍ਹੀਂ ਦਿਨੀਂ ਉਹ ਪੂਜਾ ਪਾਠ ਦੇ ਯੋਗ ਨਹੀਂ ਸਮਝੀ ਜਾਂਦੀ ਅਤੇ ਨਾ ਹੀ ਉਹ ਰਸੋਈ ਵਿਚ ਪੈਰ ਪਾਉਂਦੀ ਹੈ। ਚਾਰ ਦਿਨਾਂ ਮਗਰੋਂ ਉਹ ਸਿਰ ਨਹਾ ਕੇ ਸ਼ੁਧ ਹੁੰਦੀ ਹੈ। ਇਸੇ ਲਈ ਮਾਹਵਾਰੀ ਨੂੰ 'ਸਿਰ ਨਾਵਣੀ' ਵੀ ਕਿਹਾ ਜਾਂਦਾ ਹੈ। ਪਹਿਲਿਆਂ ਵਿਚ ਤਾਂ ਮਾਹਵਾਰੀ ਵਾਲੀ ਤੀਵੀਂ ਦੀ ਛੁਹ ਨਾਲ ਵੀ ਭਿੱਟ ਮੰਨੀ ਜਾਂਦੀ ਸੀ ਤੇ ਜੋ ਸ਼ਖ਼ਸ ਭਿੱਟ ਜਾਵੇ ਉਸ ਲਈ ਇਸ਼ਨਾਨ ਜ਼ਰੂਰੀ ਸਮਝਿਆ ਜਾਂਦਾ ਸੀ।

ਉੱਚੀਆਂ ਜਾਤੀਆਂ ਵਾਲੇ ਹਿੰਦੂ, ਅਖੌਤੀ ਨੀਵੀਂ ਜਾਤਾਂ ਵਾਲਿਆਂ ਨਾਲ ਛੁਹ ਜਾਣ ਤਾਂ ਉਹ ਭਿੱਟ ਜਾਂਦੇ ਸਨ। ਉਨ੍ਹਾਂ ਲਈ ਇਸ਼ਨਾਨ ਲਾਜ਼ਮੀ ਹੋ ਜਾਂਦਾ ਸੀ। ਜੇ ਉਹ ਕਿਸੇ ਕਾਰਨ ਇਸ਼ਨਾਨ ਕਰਨ ਤੋਂ ਅਸਮਰਥ ਹੋਣ ਤਾਂ ਜਲ ਦੇ ਛੱਟੇ ਮਾਰ ਲਏ ਜਾਂਦੇ ਸਨ। ਕਈ ਰੂੜ੍ਹੀਵਾਦੀ ਪਰਿਵਾਰਾਂ ਵਿਚ ਜਦੋਂ ਕੋਈ ਘਰ ਦਾ ਜੀਅ ਬਾਹਰੋਂ ਕੰਮ ਧੰਧਾ ਕਰਕੇ ਆਉਂਦਾ ਤਾਂ ਡਿਓਢੀ ਵਿਚੋਂ ਲੰਘਣ ਤੋਂ ਪਹਿਲਾਂ ਉਸ ਉਤੇ ਪਾਣੀ ਦੇ ਛੱਟੇ ਮਾਰੇ ਜਾਂਦੇ।

ਪਾਵਨ ਸਰੋਵਰਾਂ ਤੇ ਦਰਿਆਵਾਂ ਦੇ ਇਸ਼ਨਾਨ ਦੀ ਵਧੇਰੇ ਮਾਨਤਾ ਹੈ। ਹਿੰਦੂਆਂ ਦਾ ਨਿਸਚਾ ਹੈ ਕਿ ਮੁਖੀ ਅਠਾਹਠ ਤੀਰਥਾਂ ਦੇ ਇਸ਼ਨਾਨ ਕਰਨ ਨਾਲ ਪ੍ਰਾਣੀ ਮੁਕਤ ਹੋ ਜਾਂਦਾ ਹੈ। ਗੰਗ ਜਮਨਾ ਤੇ ਸਰਸਵਤੀ ਪਵਿਤਰ ਨਦੀਆਂ


Sri Satguru Jagjit Singh Ji eLibrary NamdhariElibrary@gmail.com

ਮੰਨੀਆਂ ਗਈਆਂ ਹਨ। ਇਨ੍ਹਾਂ ਵਿਚ ਮਜਨ ਇਸ਼ਨਾਨ ਨੱਕ ਨੂੰ ਖੱਬੇ ਹੱਥ ਦੀ ਉਂਗਲੀ ਤੇ ਅੰਗੂਠੇ ਨਾਲ ਦਬਕੇ ਤੇ ਪਾਣੀ ਵਿਚ ਚੁਭੀ ਮਾਰ ਕੇ ਕੀਤਾ ਜਾਂਦਾ ਹੈ।

ਗ੍ਰਹਿਆਂ ਦੇ ਭਰਮਣ ਦਾ ਮਨੁੱਖ ਦੀ ਮਾਨਸਿਕ ਤੇ ਆਤਮਕ ਅਵਸਥਾ ਉਤੇ ਚੋਖਾ ਅਸਰ ਮੰਨਿਆ ਗਿਆ ਹੈ। ਇਸ ਲਈ ਖ਼ਾਸ ਖ਼ਾਸ ਤਿੱਥਾਂ, ਸੰਗਰਾਂਦਾਂ ਤੇ ਗ੍ਰਹਿਆਂ ਦੇ ਸੰਜੋਗ ਉਤੇ ਇਸ਼ਨਾਨ ਦਾ ਬਹੁਤ ਮਹਾਤਮ ਹੈ। ਹਰ ਸੰਗਰਾਂਦ ਨੂੰ, ਜਦੋਂ ਸੂਰਜ ਇਕ ਰਾਸ਼ੀ ਵਿਚੋਂ ਦੂਜੀ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ, ਅਤੇ ਹਰ ਪੂਰਨਮਾਸ਼ੀ ਤੇ ਮੱਸਿਆ ਨੂੰ ਕੀਤੇ ਇਸ਼ਨਾਨ ਦੀ ਬੜੀ ਵਡਿਆਈ ਹੈ। ਧਾਰਨਾ ਹੈ ਕਿ ਪੂਰਨਮਾਸੀ ਵਾਲੇ ਦਿਨ ਪੰਜੇ ਸਾਹਿਬ ਦੇ ਸਰੋਵਰ ਵਿਚ ਅਤੇ ਮੱਸਿਆ ਦੇ ਦਿਨ ਤਰਨ ਤਾਰਨ ਦੇ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਮਨੋ-ਕਾਮਨਾ ਪੂਰੀਆਂ ਹੁੰਦੀਆਂ ਹਨ। ਹਿੰਦੂ ਕੁੰਭ ਦੇ ਸਮੇਂ ਕੁਰਕਸ਼ੇਤਰ, ਹਰਦੁਆਰ ਤੇ ਤ੍ਰਿਬੇਣੀ ਦੇ ਇਸ਼ਨਾਨ ਦਾ ਬੜਾ ਮਹਾਤਮ ਮੰਨਦੇ ਹਨ। ਮਾਘੀ ਵਾਲੇ ਦਿਨ ਤਿਲਜਲੀ ਅਥਵਾ ਪਾਣੀ ਵਿਚ ਤਿਲ ਮਿਲਾਕੇ ਇਸ਼ਨਾਨ ਕਰਨ ਨਾਲ ਮਾਨਸਿਕ ਤੇ ਆਤਮਕ ਸ਼ੁਧੀ ਹੁੰਦੀ ਹੈ। ਦੀਵਾਲੀ ਨੂੰ ਪਹੋਏ ਦੇ ਇਸ਼ਨਾਨ ਦਾ ਬੜਾ ਮਹਾਤਮ ਹੈ।

ਚੰਨ ਜਾਂ ਸੂਰਜ ਗ੍ਰਹਿਣ ਸਮੇਂ ਹਿੰਦੂ ਵਿਚਾਰਧਾਰਾ ਅਨੁਸਾਰ ਧਰਤੀ ਦਾ ਹਰ ਜੀਵ ਤੇ ਕੱਚੀ ਵਸਤੂ ਅਪਵਿਤਰ ਹੋ ਜਾਂਦੀ ਹੈ, ਇਸ ਲਈ ਗ੍ਰਹਿਣ ਪਿਛੋਂ ਹਿੰਦੂਆਂ ਵਿਚ ਇਸ਼ਨਾਨ ਲਾਜ਼ਮੀ ਹੈ। ਕਈ ਹਿੰਦੂ ਗ੍ਰਹਿਣ ਸਮੇਂ ਪ੍ਰਸਿਧ ਤੀਰਥਾਂ ਤੇ ਸਰੋਵਰਾਂ ਉਤੇ ਇਸ਼ਨਾਨ ਕਰਨ ਲਈ ਇਕੱਠੇ ਹੁੰਦੇ ਹਨ। ਕਿਹਾ ਜਾਂਦਾ ਹੈ ਕਿ ਗ੍ਰਹਿਣ ਸਮੇਂ ਥਾਨੇਸਰ ਦੇ ਸਰੋਵਰ ਵਿਚ, ਅਠਾਹਠ ਤੀਰਥਾਂ ਦਾ ਪਵਿੱਤਰ ਜਲ, ਗੁਪਤ ਧਾਰਾਵਾਂ ਦੁਆਰਾ ਆ ਕੇ ਮਿਲਦਾ ਹੈ ਅਤੇ ਉਸ ਸਮੇਂ ਇਸ ਤੀਰਥ ਦਾ ਇਸ਼ਨਾਨ ਅਠਾਹਠ ਤੀਰਥਾਂ ਦੇ ਇਸ਼ਨਾਨ ਦੇ ਤੁਲ ਸਮਝਿਆ ਜਾਂਦਾ ਹੈ।

ਸਿੱਖਾਂ ਵਿਚ ਵੀ ਇਸ਼ਨਾਨ ਦੀ ਬੜੀ ਮਹਿਮਾ ਹੈ, ਜੋ ਹਿੰਦੂ ਸੰਸਕ੍ਰਿਤੀ ਦਾ ਸਿੱਧਾ ਪ੍ਰਭਾਵ ਹੈ। ਸਿੱਖਾਂ ਵਿਚ ਨਿਤਨੇਮ ਦੇ ਪਾਠ ਤੋਂ ਪਹਿਲਾਂ ਅੰਮ੍ਰਿਤ ਵੇਲੇ ਇਸ਼ਨਾਨ ਕਰਨਾ ਲਾਜ਼ਮੀ ਹੈ। ਗੁਰੂ ਨਾਨਕ ਦੇਵ ਨੇ ਇਸ਼ਨਾਨ ਕਰਨ ਵਾਲਿਆਂ ਨੂੰ 'ਸੁਜਾਣੀ' ਕਿਹਾ ਹੈ—'ਨਾਵਣ ਸਦਾ ਸੁਜਾਣੀ'। ਗੁਰੂ ਗ੍ਰੰਥ ਸਾਹਿਬ ਦੀ ਤਾਬੇ ਬੈਠਣ ਤੋਂ ਪਹਿਲਾਂ ਇਸ਼ਨਾਨ ਕਰਨਾ ਜ਼ਰੂਰੀ ਹੈ। ਅਖੰਡ ਪਾਠੀਆਂ ਲਈ ਕੇਸੀ ਇਸ਼ਨਾਨ ਦਾ ਵਿਧਾਨ ਹੈ।

ਇਸ਼ਨਾਨ ਨਾਲ ਪਾਪਾਂ ਦੇ ਨਾਸ ਹੋਣ ਦਾ ਸੰਕਲਪ ਵੀ ਜੁੜਿਆ ਮਿਲਦਾ ਹੈ। ਅੰਮ੍ਰਿਤਸਰ ਹਰਿਮੰਦਰ ਸਰੋਵਰ ਵਿਚ ਇਸ਼ਨਾਨ ਦਾ ਖ਼ਾਸ ਮਹਾਤਮ ਹੈ (ਵੇਖੋ : ਸੁਧਾਸਰ ਮਹਾਤਮ) ਇਥੇ ਇਸ਼ਨਾਨ ਕਰਨ ਨਾਲ ਸਭ ਪਾਪਾਂ ਤੋਂ ਮੁਕਤੀ ਮਿਲਦੀ ਹੈ—'ਰਾਮਦਾਸ ਸਰੋਵਰ ਨਾਤੇ ਸਭ ਉਤਰੇ ਪਾਪ ਕਮਾਤੇ'। ਇਹ ਸਰੋਵਰ ਜਿਸ ਥਾਂ ਬਣਿਆ ਹੋਇਆ ਹੈ, ਉਸ ਦੀ ਪ੍ਰਾਚੀਨ ਕਾਲ ਤੋਂ ਹੀ ਮਹਾਨਤਾ ਚਲੀ ਆ ਰਹੀ ਹੈ। ਸਾਖੀ ਹੈ ਕਿ ਇਥੇ ਪਹਿਲਾਂ ਇਕ ਦੁਖ-ਭੰਜਨੀ ਛੱਪੜ ਸੀ ਜਿਥੇ ਕਾਂ ਨਹਾ ਕੇ ਹੰਸ ਬਣ ਗਿਆ ਸੀ ਅਤੇ ਪਿੰਗਲਾ ਨਵਾਂ ਨਰੋਆ ਹੋ ਗਿਆ ਸੀ। ਇਸੇ ਤਰ੍ਹਾਂ ਗੋਇੰਦਵਾਲ (ਤਹਿਸੀਲ ਤਰਨ ਤਾਰਨ) ਵਿਚ ਗੁਰੂ ਅਮਰ ਦਾਸ ਦੀ ਬਣਵਾਈ ਇਕ ਸੁੰਦਰ ਬਾਵਲੀ ਹੈ, ਜਿਸ ਦੀਆਂ ਚੌਰਾਸੀ ਪਉੜੀਆਂ ਹਨ। ਧਾਰਨਾ ਹੈ ਕਿ ਜੋ ਸਿੱਖ ਇਸ ਬਾਵਲੀ ਵਿਚ ਇਸ਼ਨਾਨ ਕਰ ਕੇ ਹਰੇਕ ਪਉੜੀ ਉਤੇ ਜਪੁਜੀ ਸਾਹਿਬ ਦਾ ਇਕ ਇਕ ਪਾਠ ਕਰਦਾ ਹੋਇਆ ਚੌਰਾਸੀ ਇਸ਼ਨਾਨ ਅਤੇ ਪਾਠ ਕਰੇ ਤਾਂ ਉਸ ਨੂੰ ਚੌਰਾਸੀ ਲੱਖ ਜੂਨੀਆਂ ਤੋਂ ਮੁਕਤੀ ਮਿਲ ਜਾਂਦੀ ਹੈ। ਇਸੇ ਤਰ੍ਹਾਂ ਦੇ ਕੁਝ ਹੋਰ ਪਵਿਤ੍ਰ ਅਸਥਾਨ ਵੀ ਮਿਲਦੇ ਹਨ।

ਸਿੱਖਾਂ ਵਿਚ ਨਿਤਨੇਮ ਦੇ ਗੁਟਕੇ ਨੂੰ ਹੱਥ ਵਿਚ ਲੈਣ ਪਾਠ ਕਰਨ, ਆਦਿ ਗ੍ਰੰਥ ਦਾ ਵਾਕ ਲੈਣ ਅਥਵਾ ਗੁਰਦੁਆਰੇ ਵਿਚ ਮੱਥਾ ਟੇਕਣ ਤੋਂ ਪਹਿਲਾਂ ਹੱਥ ਪੈਰ ਧੋਣਾ ਤੇ ਚੁਲੀ ਕਰਨਾ ਵਿਧਾਨ ਹੈ। ਇਤਿਹਾਸਕ ਗੁਰਦੁਆਰਿਆਂ ਵਿਚ ਹੱਥ ਪੈਰ ਧੋਣ ਲਈ ਚੁਬੱਚੇ ਤੇ ਚੁਲੀ ਲਈ ਪਾਣੀ ਦਾ ਪ੍ਰਬੰਧ ਹੁੰਦਾ ਹੈ।

ਗੁਰਬਾਣੀ ਵਿਚ ਇਸ਼ਨਾਨ ਨਾਲ, ਪ੍ਰਾਣੀ ਦਾ ਸਰੀਰਕ ਤੌਰ ਤੇ ਸਵੱਛ ਹੋਣ ਕਰਕੇ, ਮਾਨਸਿਕ ਰੂਪ ਵਿਚ ਸੁਚੇਤ ਤੇ ਸੁਬੁਧ ਹੋਣਾ ਤਾਂ ਮੰਨਿਆ ਹੈ, ਪਰ ਇਸ਼ਨਾਨ ਨੂੰ ਮੁਕਤੀ ਦਾ ਸਾਧਨ ਨਹੀਂ ਦੱਸਿਆ। ਨਿਰੇ ਇਸ਼ਨਾਨਾਂ ਦਾ ਕੋਈ ਅਧਿਆਤਮਕ ਅਰਥ ਨਹੀਂ—'ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ'।

ਮੁਸਲਮਾਨਾਂ ਵਿਚ ਵੀ ਨਹਾਉਣ ਦਾ ਬੜਾ ਮਹੱਤਵ ਹੈ। ਕੁਰਾਨ ਵਿਚ ਲਿਖਿਆ ਹੈ ਕਿ ਮੋਮਨ ਨਿਮਾਜ਼ ਪੜ੍ਹਨ ਤੋਂ ਪਹਿਲਾਂ ਆਪਣੇ ਦੋਵੇਂ ਹੱਥ ਕੋਹਣੀਆਂ ਤਕ ਤੇ ਪੈਰ ਗਿੱਟਿਆਂ ਤਕ ਧੋਵੇ ਅਤੇ ਆਪਣਾ ਮੂੰਹ ਤੇ ਮੱਥਾ ਜਲ ਨਾਲ ਸਾਫ਼ ਕਰੇ। ਪਰ ਜੇ ਉਹ ਬੀਮਾਰ ਹੋਵੇ, ਸਫ਼ਰ ਵਿਚ ਹੋਵੇ, ਜਾਂ ਪਾਣੀ ਅਲੱਭ ਹੋਵੇ ਤਾਂ ਸ਼ੁੱਧ ਮਿੱਟੀ ਲੈ ਕੇ ਆਪਣੇ ਹੱਥਾਂ ਤੇ ਮੂੰਹ ਉਤੇ ਮਲੇ।

ਮੁਸਲਮਾਨਾਂ ਵਿਚ ਤਿੰਨਾਂ ਤਰ੍ਹਾਂ ਦੇ ਇਸ਼ਨਾਨ ਪ੍ਰਚਲਤ ਹਨ : (ੳ) ਵਜ਼ੂ (ਉਜ਼ੂ) : ਮੁਸਲਮਾਨ ਪੰਜਾਂ ਨਮਾਜ਼ਾਂ ਵੇਲੇ ਹਰ ਰੋਜ਼ ਹਰੇਕ ਨਮਾਜ਼ ਤੋਂ ਪਹਿਲਾਂ ਵਜ਼ੂ ਕਰਦੇ ਹਨ। ਕੁਰਾਨ ਨੂੰ ਛੂਹਣ ਤੋਂ ਪਹਿਲਾਂ ਵੀ ਵਜ਼ੂ ਕਰਦੇ ਹਨ। ਮਰਨ ਤੋਂ ਪਹਿਲਾਂ ਪ੍ਰਾਣੀ ਨੂੰ ਵਜ਼ੂ ਕਰਵਾ ਦਿਤਾ ਜਾਂਦਾਂ ਹੈ ਤਾਂ ਜੋ ਉਹ ਪਵਿਤ੍ਰ ਹੋ ਕੇ ਪ੍ਰਾਣ ਤਿਆਗੇ। ਵਜ਼ੂ ਲਈ ਹਰੇਕ


Sri Satguru Jagjit Singh Ji eLibrary NamdhariElibrary@gmail.com

ਮਸਜਿਦ ਵਿਚ ਚੁਬੱਚਾ ਬਣਿਆ ਹੁੰਦਾ ਹੈ । ਵਜ਼ੂ ਵੇਲੇ ਕੁੜਤੇ ਦੀਆਂ ਬਾਹਵਾਂ ਕੋਹਣੀਆਂ ਤਕ ਉਪਰ ਚੜ੍ਹਾ ਲਈਆਂ ਜਾਂਦੀਆਂ ਹਨ । ਫਿਰ ਤਿੰਨ ਵਾਰ ਹੱਥਾਂ ਨੂੰ ਕੋਹਣੀਆਂ ਤਕ ਧੋਤਾ ਜਾਂਦਾ ਹੈ, ਪਹਿਲਾਂ ਸੱਜਾ ਹੱਥ ਤੇ ਫਿਰ ਖੱਬਾ । ਪਾਣੀ ਬਾਹਵਾਂ ਉੱਚੀਆਂ ਕਰਕੇ ਉਂਗਲਾਂ ਵਲੋਂ ਕੋਹਣੀਆਂ ਵਲ ਪਾਇਆ ਜਾਂਦਾ ਹੈ । ਫਿਰ ਤਿੰਨ ਵਾਰ ਚੁਲੀ ਭਰੀ ਜਾਂਦੀ ਹੈ, ਨਾਸਾਂ ਦੁਆਰਾ ਪਾਣੀ ਅੰਦਰ ਖਿਚ ਕੇ ਬਾਹਰ ਕੱਢਿਆ ਜਾਂਦਾ ਹੈ ਅਤੇ ਮੂੰਹ ਧੋਤਾ ਜਾਂਦਾ ਹੈ । ਫਿਰ ਖੱਬੇ ਹੱਥ ਨਾਲ ਸਿਰ ਦੀ ਪੱਗ ਜਾਂ ਟੋਪੀ ਪਿਛੇ ਕਰਕੇ ਗਿੱਲੇ ਕੀਤੇ ਸੱਜੇ ਹੱਥ ਨਾਲ ਮੱਥੇ ਤੋਂ ਉਪਰ ਵਲ ਮਸਾਜ ਕੀਤੀ ਜਾਂਦੀ ਹੈ । ਇਸ ਤੋਂ ਬਾਅਦ ਉਂਗਲਾਂ ਦਾਹੜੀ ਵਿਚ ਫੇਰੀਆਂ ਜਾਂਦੀਆਂ ਹਨ ਅਤੇ ਦੋਹਾਂ ਹੱਥਾਂ ਦੀਆਂ ਪਹਿਲੀਆਂ ਉਂਗਲੀਆਂ ਦੋਹਾਂ ਕੰਨਾਂ ਵਿਚ ਪਾ ਕੇ ਅੰਗੂਠੇ ਨਾਲ ਗਲੇ ਨੂੰ ਮਲਿਆ ਜਾਂਦਾ ਹੈ । ਫਿਰ ਦੋਵੇਂ ਪੈਰ ਗਿੱਟਿਆਂ ਤਕ ਧੋਤੇ ਜਾਂਦੇ ਹਨ ਤੇ ਪੈਰਾਂ ਦੇ ਪੰਜਿਆਂ ਵਿਚ ਉਂਗਲਾ ਫੇਰੀਆਂ ਜਾਂਦੀਆਂ ਹਨ ।

(ਅ) ਗ਼ੁਸਲ—ਇਹ ਪੂਰੇ ਸਰੀਰ ਦਾ ਇਸ਼ਨਾਨ ਹੈ ਜੋ ਬੱਚੇ ਦੇ ਜੰਮਣ ਮਗਰੋਂ, ਮਾਹਵਾਰੀ ਤੋਂ ਪਿਛੋਂ, ਸੇਜ ਭੋਗਣ ਤੋਂ ਬਾਅਦ ਜਾਂ ਕਿਸੇ ਤਰ੍ਹਾਂ ਦੀ ਪਲੀਤ ਅਵੱਸਥਾ ਤੋਂ ਮਗਰੋਂ ਕਰਨਾ ਲਾਜ਼ਮੀ ਹੈ । ਜੁਮੇਰਾਤ ਜਾਂ ਈਦ ਦੀ ਨਮਾਜ਼ ਤੋਂ ਪਹਿਲਾਂ ਗ਼ੁਸਲ ਜ਼ਰੂਰੀ ਹੈ ।

(ੲ) ਧੂਲ ਇਸ਼ਨਾਨ (ਤੈਯੱਮੁਮ)—ਜਦੋਂ ਦੋ ਮੀਲ ਦੇ ਅੰਦਰ ਅੰਦਰ ਜਲ ਨਾ ਮਿਲੇ ਜਾਂ ਬੀਮਾਰੀ ਕਾਰਨ ਵਜ਼ੂ ਆਦਿ ਨਾ ਹੋ ਸਕੇ ਤਾਂ ਧੂਲ ਇਸ਼ਨਾਨ ਜ਼ਰੂਰੀ ਹੈ । ਇਸ ਇਸ਼ਨਾਨ ਵਿਚ ਸ਼ੁੱਧ ਮਿੱਟੀ ਹੱਥਾਂ ਪੈਰਾਂ ਅਤੇ ਮੂੰਹ ਉਤੇ ਮਲੀ ਜਾਂਦੀ ਹੈ ।

ਇਸ਼ਨਾਨ ਜਾਦੂ ਟੂਣੇ ਵਿਚ ਵੀ ਕਲਿਆਣੀ ਹੈ । ਧਾਰਨਾ ਹੈ ਕਿ ਨਿਰਸੰਤਾਨ ਤੀਵੀਆਂ ਜੇ ਸੱਤਾਂ ਖੂਹਾਂ ਦੇ ਪਾਣੀ ਨਾਲ ਕਿਸੇ ਚੌਰਾਹੇ ਵਿਚ ਨਹਾਉਣ ਤਾਂ ਸੰਤਾਨ ਪੈਦਾ ਹੁੰਦੀ ਹੈ । ਕਈ ਵਿਸ਼ੇਸ਼ ਖੂਹਾਂ ਉਤੇ ਇਸ਼ਨਾਨ ਕਰਨ ਨਾਲ ਗਰਭ ਠਹਿਰਦਾ ਮੰਨਿਆ ਜਾਂਦਾ ਹੈ । ਸਿਆਲਕੋਟ ਵਿਚ ਪੂਰਨ ਦੇ ਖੂਹ ਉਤੇ ਐਤਵਾਰ ਨੂੰ ਇਸ਼ਨਾਨ ਕਰਨ ਨਾਲ ਸੰਤਾਨ ਪੈਦਾ ਹੁੰਦੀ ਹੈ । ਇਸੇ ਤਰ੍ਹਾਂ ਦਾ ਇਕ ਖੂਹ ਡੇਹਰਾ ਬਾਬਾ ਨਾਨਕ ਵਿਚ ਵੀ ਹੈ । ਜੇ ਕੋਈ ਔਤ ਇਸਤ੍ਰੀ, ਸ਼ਮਸ਼ਾਨ ਘਾਟ ਵਿਚ, ਕਿਸੇ ਮ੍ਰਿਤਕ ਦੀ ਚਿਤਾ ਉਤੇ ਪਾਣੀ ਗਰਮ ਕਰ ਕੇ, ਅੱਧੀ ਰਾਤ ਵੇਲੇ ਕੁਝ ਮੰਤਰਾਂ ਦਾ ਜਾਪ ਕਰਦੀ ਹੋਈ ਇਸ਼ਨਾਨ ਕਰੇ ਅਤੇ ਫਿਰ ਚਿਤਾ ਦੀ ਅਗਨੀ ਉਤੇ ਚਾਵਲ ਰਿੰਨ੍ਹ ਕੇ ਅਤੇ ਮ੍ਰਿਤਕ ਨੂੰ ਭੋਗ ਲਗਾ ਕੇ ਖ਼ੁਦ ਖਾਏ, ਤਾਂ ਮ੍ਰਿਤਕ ਦੀ ਆਤਮਾ ਸਾਧਨਾ ਕਰਨ ਵਾਲੀ ਤੀਵੀਂ ਦੇ ਉਦਰ ਤੋਂ ਜਨਮ ਲੈਂਦੀ ਹੈ ।

# ਸਾਵਣ

ਸਾਵਣ ਦੀ ਰੁੱਤ ਪੰਜਾਬੀਆਂ ਦੇ ਸੁਭਾਅ ਦੇ ਅਨੁਕੂਲ ਹੀ ਬੜੀ ਰਮਣੀਕ ਤੇ ਰੰਗੀਲੀ ਹੈ । ਜੇਠ ਹਾੜ ਦੀਆਂ ਤਪਦੀਆਂ ਲੂਆਂ ਮਗਰੋਂ ਸਾਵਣ ਦੀ ਅਨੂਠੀ ਕਿਣਮਿਣ ਆਪਣਾ ਹੀ ਅਲੌਕਿਕ ਸਵਾਦ ਹੈ । ਪਿਆਰ ਵਿਚ ਭਿਜੀਆਂ ਰੂਹਾਂ ਤਾਂ ਸਾਵਣ ਨੂੰ 'ਵਸਲ ਦੀ ਰੁੱਤ' ਕਹਿ ਲੈਂਦੀਆਂ ਹਨ, ਕਿਉਂਕਿ ਨਵੇਂ ਵਿਆਹੇ ਪ੍ਰਾਹੁਣੇ ਇਸੇ ਰੁੱਤ ਆਪਣੀ ਦੁਲ੍ਹਨ ਨੂੰ ਸਹੁਰੇ ਘਰ ਮਿਲਣ ਲਈ ਆਉਂਦੇ ਹਨ ।

ਸਾਵਣ ਦੇ ਮਹੀਨੇ ਕਈ ਅਹਿਮ ਤਿਉਹਾਰ ਮਨਾਏ ਜਾਂਦੇ ਹਨ, ਜੋ ਇਸ ਰੁੱਤ ਦੇ ਚਰਿਤ੍ਰ ਦਾ ਅਨੁਕਰਣ ਰੂਪ ਹਨ ਅਤੇ ਪ੍ਰਕ੍ਰਿਤੀ ਨਾਲ ਇਕਸੁਰ ਤੇ ਇਕਰਸ ਹੋਣ ਦੀ ਰੀਝ ਵਿਚ ਰਚੇ ਗਏ ਹਨ । ਸਾਵਣ ਦੀ ਤੀਜੀ ਤਿਥ ਨੂੰ ਤੀਆਂ ਦਾ ਤਿਉਹਾਰ ਆਰੰਭ ਹੁੰਦਾ ਹੈ ਜੋ ਪੂਰਨਮਾਸ਼ੀ ਤੱਕ ਚਲਦਾ ਰਹਿੰਦਾ ਹੈ । ਮੁਟਿਆਰਾਂ ਕੁਦਰਤ ਨਾਲ ਇਕਸੁਰ ਹੋ ਕੇ ਗਿੱਧੇ ਪਾਉਂਦੀਆਂ, ਪੀਂਘਾਂ ਝੂਟਦੀਆਂ ਤੇ ਗੀਤਾਂ ਦੀਆਂ ਮਧੁਰਧੁਨੀਆਂ ਛਹਿੰਦੀਆਂ ਵਾਤਾਵਰਨ ਵਿਚ ਰਸ ਘੋਲੀ ਰਖਦੀਆਂ ਹਨ । ਇਸ ਮਹੀਨੇ ਦੇ ਵਿਸ਼ੇਸ਼ ਗਿੱਧੇ ਨੂੰ 'ਸਾਵਣ ਗਿੱਧਾ' ਕਿਹਾ ਜਾਂਦਾ ਹੈ । ਇਸ ਗਿੱਧੇ ਅਤੇ ਦੂਜੇ ਗਿੱਧੇ ਵਿਚ ਵੱਡਾ ਅੰਤਰ ਇਹੋ ਹੈ ਕਿ ਇਸ ਵਿਚ ਮੁਟਿਆਰਾਂ ਮੋਰਾਂ ਵਾਂਗ ਪੈਲਾਂ ਪਾਉਂਦੀਆਂ, ਪਪੀਹੇ ਵਾਂਗ ਆਵਾਜ਼ਾਂ ਕਢਦੀਆਂ ਤੇ ਹਰਨੀਆਂ ਵਾਂਗ ਚੁੰਗੀਆਂ ਭਰਨ ਤੋਂ ਇਲਾਵਾ ਗਰਜਦੇ ਬੱਦਲਾਂ ਤੇ ਵਰ੍ਹਦੀਆਂ ਕਣੀਆਂ ਦਾ ਅਨੁਕਰਣ ਕਰਦੀਆਂ ਹਨ ।

ਸਾਵਣ ਦੇ ਮਹੀਨੇ ਹੀ 'ਰੱਖੜੀ' ਦਾ ਤਿਉਹਾਰ ਮਨਾਇਆ ਜਾਂਦਾ ਹੈ, ਜੋ ਭੈਣ ਭਰਾ ਦੇ ਨਿਰਮਲ ਪਿਆਰ ਤੇ ਇਕ ਦੂਜੇ ਲਈ ਮਿੱਠੀਆਂ ਨਿਰਛਲ ਭਾਵਨਾ ਦਾ ਬੋਧਿਕ ਹੈ । ਇਸੇ ਲਈ ਸਾਵਣ ਦੀ ਸ਼ਲਾਘਾ ਕਰਦੀਆਂ ਕੁੜੀਆਂ ਗਾਉਂਦੀਆਂ ਹਨ—"ਸੋਣ ਵੀਰ ਕੱਠਿਆਂ ਕਰੇ, ਭਾਦਰੋਂ ਚੰਦਰੀ ਵਿਛੋੜੇ ਪਾਵੇ ।" ਸਾਵਣ ਦਾ ਇਕ ਵਿਸ਼ੇਸ਼ ਮੇਲਾ 'ਸਾਵਣ ਬੀੜ' ਹੈ, ਜੋ ਸੂਆਂ ਦੇ ਇਲਾਕੇ ਵਿਚ ਮਨਾਇਆ ਜਾਂਦਾ ਹੈ (ਵੇਖੋ : ਸਾਵਣ ਬੀੜ) ।

ਪਹਾੜੀ ਇਲਾਕੇ, ਖ਼ਾਸ ਤੌਰ 'ਤੇ ਕਾਂਗੜੇ ਵਿਚ, ਇਸ ਮਹੀਨੇ 'ਗੁਡੀਉਂ ਕਾ ਮੇਲਾ' ਮਨਾਇਆ ਜਾਂਦਾ ਹੈ, ਜੋ ਸਾਰੇ ਮਹੀਨੇ ਹੀ ਚਲਦਾ ਹੈ । ਇਹ ਮੇਲਾ ਕਈ ਥਾਈਂ ਰਤਾ ਕੁ ਸਥਾਨਕ ਭੇਦ ਨਾਲ ਮਨਾਇਆ ਜਾਂਦਾ ਹੈ । ਕਾਂਗੜੇ ਵਿਚ ਹਰ ਮਰਦ, ਤੀਵੀਂ ਤੇ ਬੱਚਾ ਇਸ ਮਹੀਨੇ ਇਕ ਵਾਰ, ਛਾਤੀ ਨਾਲ ਗੁਡੀ ਲਗਾ ਕੇ ਦਰਿਆ 'ਤੇ ਜਾਂਦਾ ਅਤੇ ਗੁਡੀ ਨੂੰ ਜਲ ਵਿਚ ਪ੍ਰਵਾਹ ਕੇ ਆਉਂਦਾ ਹੈ । ਇਹ ਰੀਤ ਕਿਸੇ ਵੀ ਐਤਵਾਰ, ਮੰਗਲਵਾਰ ਜਾਂ ਵੀਰਵਾਰ ਨੂੰ ਕੀਤੀ ਜਾਂਦੀ ਹੈ,



Sri Satguru Jagjit Singh Ji eLibrary NamdhariElibrary@gmail.com

ਪਰ ਪਹਿਲਾਂ ਸੰਕਲਪ ਕਰਨਾ ਜ਼ਰੂਰੀ ਹੁੰਦੀ ਹੈ। ਧਾਰਨਾ ਹੈ ਕਿ ਜਿਵੇਂ ਜਿਵੇਂ ਗੁਡੀ ਜਲਧਾਰਾ ਵਿਚ ਠੰਢੀ ਹੋਵੇਗੀ, ਤਿਵੇਂ ਤਿਵੇਂ ਆਤਮਾ ਵੀ ਨਿਰਮਲ ਤੇ ਸ਼ਾਂਤ ਹੁੰਦੀ ਜਾਵੇਗੀ। ਇਸ ਰੀਤ ਵੇਲੇ ਗੀਤ ਵੀ ਗਾਏ ਜਾਂਦੇ ਹਨ ਸਾਵਣ ਦੇ ਮਹੀਨੇ ਚੰਬੇ ਵਿਚ ਉਚੇਚੀ ਨਾਗ ਪੂਜਾ ਕੀਤੀ ਜਾਂਦੀ ਹੈ। ਕਈ ਵਾਰ ਕੁਝ ਖਾਸ ਤਿੱਥਾਂ ਨੂੰ ਤੇ ਕਈ ਵਾਰ ਸਾਰੇ ਮਹੀਨੇ ਹੀ, ਪਿੰਡ ਦਾ ਸਾਰਾ ਦੁੱਧ ਸਥਾਨਕ ਨਾਗ ਦਿਉਤੇ ਨੂੰ ਸਮਰਪਿਤ ਕੀਤਾ ਜਾਂਦਾ ਹੈ ਤੇ ਇਸ ਦੁੱਧ ਨੂੰ 'ਸੁੱਚਾ' ਕਿਹਾ ਜਾਂਦਾ ਹੈ (ਗਲਾਸਰੀ ੧,੧੪੯)। ਹਿਮਾਚਲ ਪ੍ਰਦੇਸ਼ ਦੇ ਕਈ ਹੋਰ ਖੇਤਰਾਂ ਵਿਚ ਵੀ ਸਾਵਣ ਦੇ ਸਾਰੇ ਮਹੀਨੇ ਦਾ ਦੁੱਧ 'ਸੁੱਚਾ' ਸੰਕਲਪ ਕੇ, ਸਥਾਨਕ ਨਾਗ ਜਾਂ ਦੇਵੀ ਦਿਉਤੇ ਨੂੰ ਭੇਟ ਕੀਤਾ ਜਾਂਦਾ ਹੈ।

ਸਾਵਣ ਨਾਲ ਕਈ ਰੀਤਾਂ ਰਸਮਾਂ ਵੀ ਜੁੜੀਆਂ ਹੋਈਆਂ ਹਨ। ਕਈ ਖਤਰੀਆਂ ਜਿਵੇਂ ਕਿ ਵਿਜਾਂ ਵਿਚ ਨਵੇਂ ਜੰਮੇ ਬਾਲ ਉਤੇ ਸਾਵਣ ਦੀਆਂ ਬਾਰਸ਼ਾਂ ਤਕ ਮੀਂਹ ਦੀ ਕਣੀ ਨਹੀਂ ਪੈਣ ਦਿਤੀ ਜਾਂਦੀ ਅਤੇ ਸਾਵਣ ਵਿਚ ਬਾਰਸ਼ ਦੇ ਪਾਣੀ ਨਾਲ ਨ੍ਹਾਵਣ ਦੀ ਰੀਤ ਕੀਤੀ ਜਾਂਦੀ ਹੈ।

ਸਾਵਣ ਦੇ ਮਹੀਨੇ ਨਾਲ ਕਈ ਭਰਮ ਵਹਿਮ ਤੇ ਮਨੌਤਾਂ ਵੀ ਜੁੜੀਆਂ ਹੋਈਆਂ ਹਨ। ਹਰ ਸਵਾਣੀ ਲਈ ਸਾਵਣ ਵਿਚ ਇਕ ਵਾਰ ਪੀਂਘ ਝੂਟਣੀ ਜ਼ਰੂਰੀ ਹੈ। ਜਿਹੜੀ ਨਹੀਂ ਝੂਟਦੀ, ਉਸ ਦਾ ਵਰ੍ਹਾ ਹੁਲਾਰੇ ਭਰਿਆ ਨਹੀਂ ਲੰਘਦਾ। ਸਾਵਣ ਦੀ ਸੂਈ ਘੋੜੀ ਅਸ਼ੁਭ ਹੁੰਦੀ ਹੈ—'ਸਾਵਣ ਘੋੜੀ, ਭਾਦੋਂ ਗਾਂ, ਉਜੜੇ ਘਰ ਜਾਂ ਉਜੜੇ ਗਰਾਂ।' ਸਾਵਣ ਦੇ ਮਹੀਨੇ ਇਕ ਵਾਰ ਖੀਰ ਨਾ ਖਾਣ ਵਾਲੇ ਦਾ ਜਨਮ ਬਿਰਥਾ ਜਾਂਦਾ ਹੈ—'ਸਾਵਣ ਖੀਰ ਨਾ ਖਾਧੀਆ ਤਾਂ ਕਿਉਂ ਜੰਮਿਆ ਅਪਰਾਧੀਆ' ਅਖਾਣ ਇਸੇ ਵਲ ਸੰਕੇਤ ਕਰਦਾ ਹੈ। ਸਾਵਣ ਪੰਜਾਬ ਦੀ ਆਰਥਿਕਤਾ ਦਾ ਵੀ ਆਧਾਰ ਹੈ। ਸੁੱਕਾ ਸਾਵਣ ਦਲਿਦ੍ਰ ਲਿਆਉਂਦਾ ਹੈ: 'ਸਾਵਣ ਗਿਆ ਸੁਕਾ, ਭਾਦੋਂ ਕੀਤੀ ਦਇਆ, ਸੋਨੇ ਦਾ ਘੜਾਉਂਦੀ ਸੀ, ਰੁਪੇ ਦਾ ਵੀ ਗਿਆ।' ਇਨ੍ਹਾਂ ਦਿਨਾਂ ਵਿਚ ਮੀਂਹ ਨੂੰ ਵਰਜਣ ਲਈ, ਕੁਝ ਸ਼ਾਹੂਕਾਰ ਟੂਣੇ ਟੱਪੇ ਕਰਦੇ ਹਨ, ਤਾਂ ਜੋ ਉਨ੍ਹਾਂ ਦਾ ਅੰਨ ਮਹਿੰਗਾ ਵਿਕੇ।

ਸਾਵਣ ਦੀ ਰੁੱਤ ਬਾਰੇ ਸਭ ਤੋਂ ਵਧ ਗੀਤ ਤੇ ਕਹਾਵਤਾਂ ਮਿਲਦੀਆਂ ਹਨ। ਸਾਵਣ ਦੇ ਬਹੁਤੇ ਗੀਤ ਕੁੜੀਆਂ ਦੇ ਹੀ ਰਚੇ ਹੋਏ ਹਨ ਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਹੀ ਸਾਕਾਰ ਕਰਦੇ ਹਨ। ਇਨ੍ਹਾਂ ਗੀਤਾਂ ਨੂੰ 'ਸਾਂਵੇਂ' ਜਾਂ ਤੀਆਂ ਦੇ ਗੀਤ ਕਿਹਾ ਜਾਂਦਾ ਹੈ।

—ਸ. ਸ. ਵਣਜਾਰਾ ਬੇਦੀ

(ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਵਿਚੋਂ)

# ਸੂਬਾ ਬਾਬਾ ਹਰਨਾਮ ਸਿੰਘ ਜੀ ਗੜ੍ਹਦੀਵਾਲ ਵਾਲੇ

—ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)

ਸਿੱਖਾਂ ਵਿਚ ਰਾਜਨੀਤੀ ਤੇ ਸਦਾ ਧਰਮ ਹਾਵੀ ਰਿਹਾ ਹੈ ਅਰਥਾਤ ਗੁਰੂ ਸਾਹਿਬਾਨ ਨੇ ਧਰਮ ਨੂੰ ਪ੍ਰਮੁਖਤਾ ਦਿਤੀ ਅਤੇ ਹਰ ਕਾਰ ਵਿਹਾਰ ਵਿਚ ਧਰਮ ਤੇ ਡਟੇ ਰਹਿਣ ਦੀ ਸਿਖਿਆ ਸਿੱਖਾਂ ਨੂੰ ਦਿਤੀ ਅਤੇ ਇਸ ਪ੍ਰਕਾਰ ਰੰਕ ਨੂੰ ਰਾਜੇ ਦੇ ਬਰਾਬਰ ਦਾ ਹੱਕ ਦਿਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਸ਼ ਬਿਦੇਸ਼ ਵਿਚ ਉਦਾਸੀਆਂ ਕੀਤੀਆਂ ਅਤੇ ਸੱਚ ਦਾ ਪ੍ਰਕਾਸ਼ ਕੀਤਾ ਅਤੇ ਧਰਮ ਦਾ ਰਾਜ ਕਾਇਮ ਕੀਤਾ ਅਰਥਾਤ ਨਿਰਮਲ ਪੰਥ ਹੋਂਦ ਵਿਚ ਆਇਆ। ਉਹਨਾਂ ਤੋਂ ਬਾਅਦ ਉਹਨਾਂ ਦੇ ਕਾਰਜ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਅਗੋਂ ਚਲਾਇਆ ਅਤੇ ਖੜੋਤ ਨਹੀਂ ਆਉਣ ਦਿਤੀ ਪਰ ਇਹ ਨਿਰਮਲ ਪੰਥ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਵਿਆਪਕ ਰੂਪ ਧਾਰਨ ਕਰ ਗਿਆ।

ਤੀਸਰੀ ਪਾਤਸ਼ਾਹੀ ਨੇ ਸਮੁਚੀ ਸਿੱਖ ਸੰਗਤ ਨੂੰ ਸੰਗਠਤ ਕਰਨ ਲਈ ੨੨ ਪ੍ਰਚਾਰਕ ਨਿਯੁਕਤ ਕੀਤੇ। ਇਹ ਪ੍ਰਚਾਰਕ "ਮੰਜੀਆਂ" ਕਹਾਏ। ਇਸ ਪ੍ਰਕਾਰ ਤੀਸਰੀ ਪਾਤਸ਼ਾਹੀ ਨੇ ਮੁਗਲ ਹਕੂਮਤ ਦੇ ਬਰਾਬਰ ਹਕੂਮਤ ਕਾਇਮ ਕੀਤੀ ਕਿਉਂਕਿ ਸਮੇਂ ਦੇ ਬਾਦਸ਼ਾਹ, ਅਕਬਰ ਦੇ ਸਮੁਚੇ ਹਿੰਦੋਸਤਾਨ ਵਿਚ ੨੨ ਸੂਬੇ ਸਨ।

ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮ ਦਾਸ ਜੀ ਦੇ ਸਮੇਂ ਇਹ ਮੰਜੀਆ ਵਿਚ ਅਗੋਂ ਹੋਰ ਸੁਧਾਰ ਕੀਤੇ ਅਤੇ ਪ੍ਰਚਾਰਕਾਂ ਨੂੰ ਕੁਝ ਹੋਰ ਅਧਿਕਾਰ ਦਿਤੇ ਅਤੇ ਇਹ ਪ੍ਰਚਾਰਕ 'ਮਸੰਦ' ਕਹਾਏ। ਇਹ ਮਸੰਦ ਪਰੰਪਰਾ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਤਕ ਕਾਇਮ ਰਹੀ ਪਰੰਤੂ ਦਸਮ ਪਾਤਸ਼ਾਹ ਜੀ ਦੇ ਸਮੇਂ ਤਕ ਇਹ ਲੋਕ ਭ੍ਰਸ਼ਟ ਹੋ ਗਏ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦਾਂ ਨੂੰ ਸਖਤ ਸਜ਼ਾਵਾਂ ਦਿਤੀਆਂ ਅਤੇ ਮਸੰਦ ਪਰੰਪਰਾ ਨੂੰ ਖਤਮ ਕਰ ਦਿਤਾ। ਦਸਮ ਪਾਤਸ਼ਾਹ ਜੀ ਤੋਂ ਬਾਅਦ ਸਿੱਖ ਪੰਥ ਤੇ ਮਾਰੂ ਹਨੇਰੀਆਂ ਝੁਲੀਆਂ। ਸਿੱਖਾਂ ਦਾ ਘਰਾਂ ਵਿਚ ਰਹਿਣਾ ਔਖਾ ਹੋ ਗਿਆ। ਸਿੱਖਾਂ ਦੇ ਸਿਰਾਂ ਦਾ ਮੁਲ ਰਖਿਆ ਗਿਆ ਪਰੰਤੂ ਸਿੱਖ ਫਿਰ ਵੀ ਚੜ੍ਹਦੀ ਕਲਾ ਵਿਚ ਰਹਿੰਦੇ ਅਤੇ ਨਿਡਰ ਹੋਕੇ ਇਕ ਅਕਾਲ ਪੁਰਖ ਦੀ ਓਟ ਲੈਕੇ ਨਾਦਰਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਜਿਹੇ ਧਾੜਵੀਆਂ ਦੀਆਂ ਲਾਮਡੋਰੀਆਂ ਲੁਟ ਲੈਂਦੇ ਅਤੇ ਕੈਦ ਕੀਤੀਆਂ ਨਿਆਸਰਾ ਮੁਟਿਆਰਾ ਤੇ ਗਭਰੂਆਂ ਨੂੰ ਛੁਡਵਾ ਕੇ ਉਹਨਾਂ ਦੇ ਘਰ


Sri Satguru Jagjit Singh Ji eLibrary NamdhariElibrary@gmail.com

(ਸੂਬਾ ਬਾਬਾ ਹਰਨਾਮ ਸਿੰਘ ਜੀ ਦੀ ਬੰਸਾਵਲੀ)

ਬਾਬਾ ਲੱਧਾ ਜੀ (ਚੇਲਾ ਬਾਬਾ ਨਾਮਦੇਵ ਜੀ)

ਬਾਵਾ ਕਾਹਨ ਦਾਸ ਜੀ — ਬਾਬਾ ਸੰਤ ਦਾਸ ਜੀ

ਸੰਤ ਹਰਨਾਮ ਸਿੰਘ ਜੀ (ਬਾਵਾ ਕਾਹਨ ਦਾਸ ਜੀ ਤੋਂ)

ਪਹੁੰਚਾ ਦੇਂਦੇ ।

੧੭੯੯ ਈਸਵੀ ਵਿਚ 'ਖਾਲਸਾ ਰਾਜ' ਹੋਂਦ ਵਿਚ ਆਇਆ ਪਰੰਤੂ ਸਿੱਖ ਸ਼ਾਹੀ ਦੇ ਸਮੇਂ ਸਿੱਖ ਆਚਰਣਹੀਣ ਹੋ ਗਏ । ਸਿੱਖਾਂ ਦੇ ਮਹਿਲਾਂ ਵਿਚ ਨਾਚ ਮੁਜਰੇ ਹੁੰਦੇ ਅਤੇ ਸ਼ਰਾਬ ਤੇ ਹੋਰ ਨਸ਼ਿਆਂ ਦਾ ਸੇਵਨ ਕੀਤਾ ਜਾਂਦਾ । ਸਤੀ ਪ੍ਰਥਾ ਬਾਲ ਵਿਆਹ, ਬਹੁ-ਵਿਆਹ ਅਤੇ ਹੋਰ ਕੁਰੀਤੀਆਂ ਦੇ ਸ਼ਿਕਾਰ ਇਹ ਸਿੱਖ ਮਿਸਲਾਂ ਦੇ ਹੁਕਮਰਾਨ ਹੋ ਗਏ । ਆਪੋ ਵਿਚ ਇਕ ਦੂਜੇ ਦੀਆਂ ਲੱਤਾਂ ਖਿਚਦੇ ਰਹਿੰਦੇ ਜਿਸਦੇ ਨਤੀਜੇ ਵਜੋਂ ਲਾਹੌਰ ਦੀ ਖਾਨਾਜੰਗੀ ਨੇ ਅੰਗਰੇਜ਼ਾਂ ਨੂੰ ਪੰਜਾਬ ਵਿਚ ਆਉਣ ਦਾ ਸੱਦਾ ਦਿਤਾ ਅਤੇ ਪੰਜਾਬ ਪੂਰੀ ਸਦੀ ਲਈ ਅੰਗਰੇਜ਼ਾਂ ਦਾ ਗੁਲਾਮ ਹੋ ਗਿਆ ਜੋ ਕਦੇ ਮੁਗਲ ਹਕੂਮਤ ਦੀ ਗੁਲਾਮੀ ਦੇ ਜੂਲੇ ਹੇਠ ਸੀ ।

ਪੰਜਾਬੀਆਂ ਦੀ ਇਹ ਦੁਰਦਸ਼ਾ ਸਤਿਗੁਰੂ ਰਾਮ ਸਿੰਘ ਜੀ ਤੋਂ ਸਹਿਨ ਨਾ ਹੋਈ । ਸਤਿਗੁਰੂ ਜੀ ਨੇ ੧੮੫੭ ਈਸਵੀ ਨੂੰ ਵਿਸਾਖੀ ਦੇ ਦਿਹਾੜੇ 'ਸੰਤ ਖਾਲਸਾ' ਦੀ ਨੀਂਹ ਰਖੀ ਅਤੇ ਸੰਤ ਖਾਲਸਾ ਦੀ ਸਾਜਨਾ ਕਰਕੇ ਪਹਿਲਾਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਂਗ ਪੰਜ ਸਿੱਖਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ ਅਤੇ ਨਾਮਧਾਰੀ ਪੰਥ ਜੋ ਸਤਿਗੁਰੂ ਬਾਲਕ ਸਿੰਘ ਜੀ ਤੋਂ ਉਜਾਗਰ ਹੋਇਆ ਸੀ ਨੂੰ ਜਗਤ ਵਿਚ ਪ੍ਰਸਿਧ ਕੀਤਾ । ਆਪ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਤੀਸਰੀ ਪਾਤਸ਼ਾਹੀ ਸ੍ਰੀ ਗੁਰੂ ਅਮਰ ਦਾਸ ਜੀ ਵਾਂਗ ੨੨ ਸੂਬਿਆਂ ਵਿਚ ਸਮੁਚੇ ਇਲਾਕਿਆਂ ਦੀ ਵੰਡ ਕੀਤੀ ਅਤੇ ਫਿਰ ੨੨ ਸੂਬੇ ਅਰਥਾਤ ਪ੍ਰਚਾਰਕ ਨਿਯੁਕਤ ਕੀਤੇ ਜੋ ਆਪਣੇ ਇਲਾਕੇ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਦੇ ਅਤੇ ਅੰਗਰੇਜ਼ਾਂ ਦੇ ਖਿਲਾਫ਼ ਅਸਹਿਯੋਗ ਅੰਦੋਲਨ ਦਾ ਪ੍ਰਚਾਰ ਕਰਦੇ । ਇਹਨਾਂ ਸੂਬਿਆਂ ਵਾਂਗ ਬਾਬਾ ਹਰਨਾਮ ਸਿੰਘ ਜੀ ਨੂੰ ਵੀ ਸਤਿਗੁਰੂ ਰਾਮ ਸਿੰਘ ਜੀ ਨੇ ਜ਼ਿਲਾ ਹੁਸ਼ਿਆਰਪੁਰ ਅਰਥਾਤ ਸਾਡੇ ਇਲਾਕੇ ਦਾ ਸੂਬਾ ਨਿਯੁਕਤ ਕੀਤਾ ਸੀ ।

ਬਾਬਾ ਹਰਨਾਮ ਸਿੰਘ ਜੀ ਦੇ ਬਜ਼ੁਰਗ ਸੰਤ ਬਾਬਾ ਨਾਮਦੇਵ ਜੀ ਤੋਂ ਵਰੋਸਾਏ ਹੋਏ ਸਨ ਅਤੇ ਉਹਨਾਂ ਦੀ ਚਲਾਈ ਹੋਈ ਗੱਦੀ ਦੇ ਗੱਦੀਦਾਰ ਸਨ । ਭਗਤ ਨਾਮਦੇਵ ਜੀ, ਜ਼ਿਲਾ ਗੁਰਦਾਸਪੁਰ ਵਿਚ 'ਰਾਮੇਆਣੇ' ਦੇ ਸਥਾਨ ਤੇ ਕੁਟੀਆ ਬਣਾਕੇ ਤਪ ਕਰਿਆ ਕਰਦੇ ਸਨ । ਕਾਦੀਆਂ ਦੇ ਵਸਨੀਕ ਬਾਬਾ ਲੱਧਾ ਜੀ, ਲੂਣ ਤੇ ਤੇਲ ਆਦਿ ਵੇਚਣ ਲਈ ਉਧਰੋਂ ਲੰਘਦੇ ਅਤੇ ਵਾਪਸ ਆਉਂਦੇ ਹੋਏ ਕੁਝ ਬਚਿਆ ਹੋਇਆ ਤੇਲ ਰੋਜ਼ਾਨਾ ਭਗਤ ਨਾਮਦੇਵ ਜੀ ਨੂੰ ਦੀਵਾ ਵੱਟੀ ਕਰਨ ਲਈ ਦੇ ਜਾਂਦੇ । ਇਕ ਦਿਨ ਭਾਈ ਲੱਧਾ ਜੀ ਵਾਪਸ ਆ ਰਹੇ ਸਨ ਅਤੇ ਦਿਲ ਵਿਚ ਸੋਚ ਰਹੇ ਸਨ ਕਿ ਅੱਜ ਤੇਲ ਕਿਥੋਂ ਦੇਵਾਂਗਾ ਕਿਉਂਕਿ ਤੇਲੀ ਵਾਲੀ ਕੁਪੀ ਖਾਲੀ ਹੋ ਗਈ ਸੀ ਅਤੇ ਸਾਰੇ ਤੇਲ ਦੀ ਵਿਕਰੀ ਹੋ ਗਈ ਸੀ । ਭਗਤ ਨਾਮਦੇਵ ਜੀ ਵੀ ਕੁਟੀਆ ਦੇ ਅਗੇ ਮੌਜੂਦ ਸਨ ਪਰ ਬਾਵਾ ਲੱਧਾ ਜੀ ਅੱਜ ਅੱਖਾਂ ਨੀਵੀਆਂ ਕਰਕੇ ਲੰਘ ਜਾਣ ਲਗੇ ਤਾਂ ਭਗਤ ਨਾਮਦੇਵ ਜੀ ਨੇ ਕਿਹਾ, "ਗੁਰਮੁਖਾ ਕੀ ਅੱਜ ਸਾਨੂੰ ਤੇਲ ਨਹੀਂ ਦੇਣਾ ?" ਬਾਵਾ ਲੱਧਾ ਜੀ ਨੇ ਸ਼ਰਮਿੰਦੇ ਹੋਇਆ ਕਿਹਾ ਕਿ ਅੱਜ ਤੇਲ ਖਤਮ ਹੋ ਗਿਆ ਹੈ ਅਤੇ ਤੇਲ ਵਾਲੀ ਕੁਪੀ ਖਾਲੀ ਹੋ ਗਈ ਹੈ । ਭਗਤ ਨਾਮਦੇਵ ਜੀ ਨੇ ਮੁਸਕਰਾਂਦਿਆਂ ਕਿਹਾ, "ਭਾਈ ਕੁਪੀ ਵੇਖ ਤਾਂ ਖਾਲੀ ਹੈ ਜਾਂ ਭਰੀ ਹੋਈ ਹੈ ।" ਬਾਵਾ ਲੱਧਾ ਜੀ ਨੇ ਕੁਪੀ ਵੱਲ ਨਜਰ ਮਾਰੀ ਤਾਂ ਕੁਪੀ ਤੇਲ ਨਾਲ ਮੂੰਹ ਤੱਕ ਭਰੀ ਹੋਈ ਸੀ । ਬਾਵਾ ਜੀ ਉਹ ਤੇਲ ਭਗਤ ਨਾਮਦੇਵ ਜੀ ਨੂੰ ਦੇਕੇ ਚਰਨ ਪਰਸਕੇ ਉਥੇ ਬੈਠ ਗਿਆ । ਭਗਤ ਨਾਮਦੇਵ ਜੀ ਨੇ ਕਿਹਾ ਕਿ ਭਾਈ ਹੁਣ ਘਰ ਜਾਓ ਪਰ ਅਗੇ ਬਾਵਾ ਲੱਧਾ ਜੀ ਨੇ ਕਿਹਾ ਕਿ ਕਿਹੜੇ ਘਰ ਜਾਵਾਂ, ਹੁਣ ਇਥੇ ਹੀ ਰਹਾਂਗਾ । ਭਗਤ ਜੀ ਨੇ ਲੱਧਾ ਜੀ ਨੂੰ ਕਿਹਾ ਕਿ ਤੁਸੀਂ ਸੁਖੋਵਾਲ ਆ ਵਸੋ ਅਤੇ ਕਾਦੀਆਂ ਵਾਲੇ ਘਰ ਨੂੰ ਛੱਡ ਦਿਓ । ਤੇਰਾ ਘਰਾਣਾ ਵਡਪ੍ਰਤਾਪੀ ਹੋਵੇਗਾ । ਸਾਡਾ ਡੇਰਾ ਘੁਮਾਣ ਹੋਵੇਗਾ ਤੇ ਤੇਰਾ ਸੁਖੋਵਾਲ ਹੋਵੇਗਾ ।

ਬਾਵਾ ਲੱਧਾ ਜੀ ਦੇ ਦੋ ਪੁੱਤਰ ਕਾਹਨਦਾਸ ਜੀ ਅਤੇ ਬਾਵਾ ਸੰਤ ਦਾਸ ਜੀ ਹੋਏ । ਬਾਵਾ ਸੰਤ ਦਾਸ ਕਹਿਣੀ ਤੇ ਕਥਨੀ ਦੇ ਸੂਰੇ ਸਨ ਅਤੇ ਅਧਿਆਤਮਕ ਸੋਝੀ ਵਾਲੇ ਮਹਾਂਪੁਰਸ਼ ਸਨ । ਬਾਵਾ ਸੰਤ ਦਾਸ ਜੀ ਦੀ ਸਾਡੇ ਇਲਾਕੇ ਅਰਥਾਤ ਪਿੰਡ ਖੁਡਾ ਕੁਰਾਲਾ, ਖੁਨਖੁਨ ਕਲਾਂ ਤੋਂ ਕੂਈ ਬਰੂਹੀ ਤੇ ਤਲਵਾੜਾ ਤਕ ਸਿੱਖੀ ਸੇਵਕੀ ਸੀ । ਬਾਵਾ ਕਾਹਨਦਾਸ ਜੀ ਦੇ ਘਰ ਬਾਲ ਗੋਬਿੰਦ ਦਾਸ ਦਾ ਜਨਮ ਹੋਇਆ । ਉਹਨਾਂ ਦੇ ਜਨਮ ਤੋਂ ਕੁਝ ਸਮਾਂ ਪਹਿਲਾਂ ਹੀ ਬਾਵਾ ਸੰਤ ਦਾਸ ਜੀ ਨੇ ਭਵਿਖਬਾਣੀ ਕਰ ਦਿਤੀ ਸੀ ਕਿ ਸਾਡੇ ਘਰ ਇਕ ਅਜਿਹਾ ਬਾਲਕ ਪੈਦਾ ਹੋਵੇਗਾ ਜੋ ਨਿਹੰਗ



Sri Satguru Jagjit Singh Ji eLibrary NamdhariElibrary@gmail.com

ਸਿੰਘ ਹੋਵੇਗਾ ਅਤੇ ਸਾਡੀ ਕੁਲ ਦਾ ਨਾਮ ਰੌਸ਼ਨ ਕਰੇਗਾ।

ਬਾਲ ਗੋਬਿੰਦ ਦਾਸ ਜੀ ਦੇ ਜਨਮ ਤੋਂ ਸਵਾ ਮਹੀਨਾ ਬਾਅਦ ਬਾਵਾ ਸੰਤ ਦਾਸ ਜੀ ਨੇ ਗੋਬਿੰਦ ਦਾਸ ਜੀ ਨੂੰ ਗੋਦ 'ਚ ਚੁਕਿਆ ਤਾਂ ਬਚਨ ਕੀਤਾ ਕਿ ਇਹ ਦੁਧ ਵਾਲਿਆਂ ਨੂੰ ਦੁਧ ਦੇਵੇਗਾ, ਪੁਤ ਵਾਲਿਆਂ ਨੂੰ ਪੁਤ ਦੇਵੇਗਾ, ਨਿਪਤਿਆਂ ਦੀ ਪੱਤ ਰਖੇਗਾ, ਨਿਓਟਿਆਂ ਨੂੰ ਓਟ ਬਖਸ਼ੇਗਾ, ਕੋਹੜੀਆਂ ਦੇ ਕੋਹੜ ਦੂਰ ਕਰੇਗਾ ਅਤੇ ਨਿਥਾਵਿਆਂ ਨੂੰ ਥਾਂ ਬਖਸ਼ੇਗਾ ਤੇ ਫਿਰ ਟੁਟੀ ਗੰਢਣ ਦੇ ਸਮਰਥ ਹੋਵੇਗਾ ਆਦਿਕ ਵਾਕਾਂ ਨਾਲ ਨਿਹਾਲ ਕੀਤਾ।

ਬਾਲ ਗੋਬਿੰਦ ਦਾਸ ਜੀ ਚਾਰ ਕੁ ਸਾਲ ਦੀ ਉਮਰ ਦੇ ਹੋਏ ਤਾਂ ਬਾਹਰ ਹੋਰ ਬੱਚਿਆਂ ਨਾਲ ਖੇਡਣ ਜਾਣ ਲਗੇ ਪਰ ਇਕ ਦਿਨ ਇਕ ਬਘਿਆੜ ਆਇਆ ਤਾਂ ਬਾਲ ਗੋਬਿੰਦ ਦਾਸ ਜੀ ਨੂੰ ਚੁਕ ਕੇ ਜੰਗਲ ਵਲ ਭੱਜ ਗਿਆ। ਪਿੰਡ ਸੁਖੋਵਾਲ ਵਿਚ ਹਾਹਾਕਾਰ ਮਚ ਗਈ ਕਿ ਬਾਲ ਗੋਬਿੰਦ ਦਾਸ ਨੂੰ ਬਘਿਆੜ ਚੁਕ ਕੇ ਲੈ ਗਿਆ ਹੈ। ਉਹਨਾਂ ਦੇ ਪਿਤਾ ਬਾਵਾ ਕਾਹਨ ਦਾਸ ਜੀ, ਬਾਵਾ ਸੰਤ ਦਾਸ ਜੀ ਕੋਲ ਦੌੜੇ ਆਏ ਕਿ ਤੁਸੀਂ ਤਾਂ ਕਹਿੰਦੇ ਸੀ ਕਿ ਬਾਲਕ ਮਹਾਂਪੁਰਖ ਹੋਵੇਗਾ, ਹੁਣ ਕੀ ਬਣਿਆ ਹੈ। ਅਗੋਂ ਬਾਵਾ ਸੰਤ ਦਾਸ ਜੀ ਨੇ ਮੁਸਕਰਾਉਂਦਿਆਂ ਹੋਇਆਂ ਕਿਹਾ ਕਿ ਫਿਕਰ ਨਾ ਕਰੋ, ਬਘਿਆੜ ਬਾਲ ਗੋਬਿੰਦ ਦਾਸ ਦਾ ਵਾਲ ਵਿੰਗਾ ਨਹੀਂ ਕਰੇਗਾ। ਕੁਝ ਸਮੇਂ ਬਾਅਦ ਬਾਲ ਗੋਬਿੰਦ ਦਾਸ ਹਸਦਾ ਖੇਡਦਾ ਘਰ ਆ ਗਿਆ ਅਤੇ ਆਪਣੇ ਪਿਤਾ ਜੀ ਨੂੰ ਦਸਿਆ ਕਿ ਇਹ ਬਘਿਆੜ ਕਲਯੁਗ ਸੀ ਜੋ ਸਾਡੇ ਚਰਨ ਪਰਸਨ ਆਇਆ ਸੀ।

ਬਾਲ ਗੋਬਿੰਦ ਦਾਸ ਜੀ ਜ਼ਿਆਦਾ ਆਪਣੇ ਤਾਇਆ ਬਾਵਾ ਸੰਤ ਦਾਸ ਜੀ ਦੀ ਸੰਗਤ ਕਰਦੇ ਅਤੇ ਉਹਨਾਂ ਦੇ ਚਰਨਾਂ ਵਿਚ ਰਹਿੰਦੇ। ਪੰਜ ਸਾਲ ਦੀ ਆਯੂ ਵਿਚ ਆਪ ਜੀ ਬਾਵਾ ਸੰਤ ਦਾਸ ਜੀ ਨਾਲ ਦੋਆਬੇ ਦੀ ਧਰਤੀ ਕਸਬਾ ਖੁਨਖੁਨ ਕਲਾਂ ਆ ਗਏ। ਜਦੋਂ ਆਪ ਜੀ ਰਸਤੇ ਵਿਚ ਦਸੂਹੇ ਦੇ ਨੇੜੇ ਪਿੰਡ ਝਿੰਗੜ ਕਲਾਂ ਪਹੁੰਚੇ ਤਾਂ ਇਕ ਖੂਹ ਦਾ ਪਾੜ ਪੁਟਿਆ ਜਾ ਰਿਹਾ ਸੀ ਅਤੇ ਸ਼ਕਰ ਵੰਡੀ ਜਾ ਰਹੀ ਸੀ। ਬਾਲ ਗੋਬਿੰਦ ਦਾਸ ਜੀ ਨੇ ਇਕ ਬੁਕ ਸ਼ਕਰ ਲੈਕੇ ਖਾ ਲਈ ਅਤੇ ਅਗੇ ਹੋਕੇ ਹੋਰ ਲੈਣੀ ਚਾਹੀ ਪਰ ਵਰਤਾਵੇ ਨੇ ਨਾਂਹ ਕਰ ਦਿਤੀ ਤਾਂ ਬਾਲ ਗੋਬਿੰਦ ਦਾਸ ਜੀ ਨੇ ਬਾਲ ਸੁਭਾਅ ਵਿਚ ਕਹਿ ਦਿਤਾ ਕਿ ਚੰਗਾ ਜੇ ਸ਼ਕਰ ਨਹੀਂ ਦੇਣੀ ਤਾਂ ਖੂਹ ਦਾ ਪਾਣੀ ਖਾਰਾ ਹੀ ਰਹੇਗਾ। ਇਹ ਵਾਕ ਕਹਿਕੇ ਆਪ ਜੀ ਬਾਵਾ ਸੰਤ ਦਾਸ ਜੀ ਨਾਲ ਅਗੇ ਚਲ ਪਏ। ਪਿਛੋਂ ਜਦੋਂ ਪਿੰਡ ਵਾਲਿਆਂ ਨੇ ਪਾਣੀ ਦਾ ਘੁਟ ਪੀਤਾ ਤਾਂ ਖਾਰਾ ਨਿਕਲਿਆ। ਲੋਕ ਬਾਵਾ ਸੰਤ ਦਾਸ ਜੀ ਕੋਲ ਆਏ ਪਰ ਉਹਨਾਂ ਕਿਹਾ ਕਿ ਇਹ ਤੀਰ ਬਾਲ ਗੋਬਿੰਦ ਦਾਸ ਜੀ ਦਾ ਚਲਾਇਆ ਹੋਇਆ ਹੈ। ਇਹਨਾਂ ਦਾ ਕੀਤਾ ਮੈਂ ਨਹੀਂ ਮੋੜ ਸ਼ਕਦਾ। ਤੁਸੀਂ ਕਿਸੇ ਹੋਰ ਜਗ੍ਹਾ ਖੂਹ ਦਾ ਮੁੜ ਪਾੜ ਪੁਟੋ ਤਾਂ ਪਾਣੀ ਮਿੱਠਾ ਨਿਕਲੇਗਾ। ਲੋਕਾਂ ਨੇ ਗੋਬਿੰਦ ਦਾਸ ਜੀ ਅਤੇ ਸੰਤ ਦਾਸ ਜੀ ਦੇ ਚਰਨਾਂ ਤੇ ਮਥਾ ਟੇਕਿਆ ਅਤੇ ਵਾਪਸ ਪਰਤ ਗਏ।

ਪੰਜ ਸਾਲ ਦੀ ਆਯੂ ਵਿਚ ਆਪ ਜੀ (ਬਾਲ ਗੋਬਿੰਦ ਦਾਸ ਜੀ) ਪਿੰਡ ਟਿਲ੍ਹਵਾਲ ਖੁਨਖੁਨ ਕਲਾਂ ਦੇ ਨੇੜੇ ਨਿਰਮਲੇ ਸੰਤਾਂ ਦੇ ਡੇਰੇ ਪਿਪਲੀ ਸਾਹਿਬ (ਇਹ ਡੇਰਾ ਅਜ ਕਲ ਬੇਅਬਾਦ ਹੋ ਚੁਕਾ ਹੈ ਜੋ ਖੁਡਾ ਕੁਰਾਲਾ ਰੇਲਵੇ ਸਟੇਸ਼ਨ ਤੋਂ ਗੜ੍ਹਦੀਵਾਲਾ ਜਾ ਰਹੀ ਸੜਕ ਤੇ ਸਥਿਤ ਹੈ) ਵਿਖੇ ਪੜ੍ਹਨ ਲਗ ਪਏ ਅਤੇ ਸੰਸਾਰਕ ਵਿਦਿਆ ਹਾਸਲ ਕਰਨ ਲਗੇ। ਇਕ ਦਿਨ ਖੁਨਖੁਨ ਕਲਾਂ ਦੇ ਲੋਕਾਂ ਨੇ ਖੁਨਖੁਨ ਕਲਾਂ ਦੇ ਚੌਂਕ ਵਿਚ ਖੂਹ ਲਗਵਾਉਣਾ ਚਾਹਿਆਂ ਅਤੇ ਪਾੜ ਪੁਟਣਾ ਸ਼ੁਰੂ ਕਰ ਦਿਤਾ ਅਤੇ ਇਸ ਖੁਸ਼ੀ ਵਿਚ ਸ਼ਕਰ ਵੰਡਣੀ ਸ਼ੁਰੂ ਕਰ ਦਿਤੀ। ਡੇਰਾ ਪਿਪਲੀ ਸਾਹਿਬ ਦੇ ਮਹੰਤ ਨੇ ਬਾਲ ਗੋਬਿੰਦ ਦਾਸ ਨੂੰ ਕਿਹਾ ਕਿ ਜਾਓ ਤੇ ਪਾੜ ਪੁਟਣ ਵਾਲਿਆਂ ਤੋਂ ਸਵਾ ਰੁਪਿਆ ਅਤੇ ਬੱਟੀ ਸ਼ਕਰ ਤੋਲਕੇ ਲੈ ਆਉਣੀ। ਆਪ ਜੀ ਗਏ ਅਤੇ ਬੱਟੀ ਸ਼ਕਰ ਲੈਣੀ ਚਾਹੀ ਪਰ ਪਿੰਡ ਵਾਲਿਆਂ ਨੇ ਕਿਹਾ ਕਿ ਆਪ ਬੁਕਾਂ ਨਾਲ ਜਿੰਨੀ ਮਰਜ਼ੀ ਸ਼ਕਰ ਲੈ ਲਵੋ ਪਰ ਗੋਬਿੰਦ ਦਾਸ ਜੀ ਨੇ ਬੱਟੀ ਸ਼ਕਰ ਤੱਕੜੀ ਨਾਲ ਤੋਲਕੇ ਲੈਣ ਦੀ ਅਭਿਲਾਸ਼ਾ ਦੱਸੀ ਪਰ ਪਿੰਡ ਵਾਲਿਆਂ ਇੰਞ ਦੇਣ ਤੋਂ ਇਨਕਾਰ ਕਰ ਦਿਤਾ। ਬਾਲ ਗੋਬਿੰਦ ਦਾਸ ਜੀ ਨੇ ਸੁਭਾਵਕ ਹੀ ਕਹਿ ਦਿਤਾ ਕਿ ਚੰਗਾ ਜੇ ਬੱਟੀ ਸ਼ਕਰ ਨਹੀਂ ਦੇਣੀ ਤੇ ਇਹ ਇੱਟਾਂ ਪਿਪਲੀ ਸਾਹਿਬ ਹੀ ਆਉਣਗੀਆਂ, ਖੂਹ ਨੂੰ ਨਹੀਂ ਲਗਣਗੀਆਂ। ਇਹ ਵਾਕ ਕਹਿਕੇ ਬਾਲ ਗੋਬਿੰਦ ਦਾਸ ਜੀ ਡੇਰਾ ਪਿਪਲੀ ਸਾਹਿਬ ਵੱਲ ਦੌੜ ਗਏ।

ਬਾਲ ਗੋਬਿੰਦ ਦਾਸ ਜੀ ਦਾ ਵਾਕ ਸੱਚ ਹੋਇਆ। ਰਾਤ ਸਮੇਂ ਪਿੰਡ ਖੁਨਖੁਨ ਕਲਾਂ ਵਿਚ ਪਲੇਗ ਪੈ ਗਈ ਅਤੇ ਪਿੰਡ ਵਿਚ ਹਾਹਾਕਾਰ ਮੱਚ ਗਈ। ਲੋਥਾਂ ਦੇ ਢੇਰ ਲਗ ਗਏ। ਲੋਕਾਂ ਨੂੰ ਖੂਹ ਲਗਾਉਣਾ ਭੁਲ ਗਿਆ।

ਕਿਸੇ ਸਿਆਣੇ ਪੁਰਸ਼ ਨੇ ਸਲਾਹ ਦਿਤੀ ਕਿ ਇਹ ਬੀਮਾਰੀ ਬਾਲ ਗੋਬਿੰਦ ਦਾਸ ਜੀ ਦੇ ਵਾਕ ਕਰਕੇ ਹੋਈ ਹੈ। ਸੋ ਪਹਿਲਾਂ ਸਾਰੀਆਂ ਇੱਟਾਂ ਚੁਕ ਕੇ ਡੇਰਾ ਪਿਪਲੀ ਸਾਹਿਬ ਪਹੁੰਚਾਈਆਂ ਜਾਣ ਅਤੇ ਫਿਰ ਉਸ ਤੋਂ ਬਾਅਦ ਲੋਥਾਂ ਸ਼ਮਸ਼ਾਨ ਭੂਮੀ ਲਿਜਾਈਆਂ ਜਾਣਗੀਆਂ। ਇੱਟਾਂ, ਪਿਪਲੀ ਸਾਹਿਬ ਪਹੁੰਚਣ ਦੇ ਨਾਲ ਹੀ ਪਿੰਡ ਵਿਚੋਂ ਪਲੇਗ ਦੀ ਬੀਮਾਰੀ ਦੂਰ ਹੋ ਗਈ।



Sri Satguru Jagjit Singh Ji eLibrary NamdhariElibrary@gmail.com

ਸੂਝ ਅਵਸਥਾ ਸਮੇਂ ਬਾਲ ਗੋਬਿੰਦ ਦਾਸ ਜੀ ਵਿਰਕਤ ਅਵਸਥਾ ਵਿਚ ਰਹਿਣ ਲਗੇ ਅਤੇ ਫਿਰ ਆਪ ਜੀ ਨੇ ਪਿੰਡ ਖੁਨਖੁਨ ਕਲਾਂ ਛੱਡ ਦਿਤਾ ਅਤੇ ਆਪ ਜੀ ਸ਼ਿਵਾਲਕ ਪਹਾੜੀਆਂ ਦੇ ਇਲਾਕੇ ਵਿਚ ਸਹੋੜੇ ਦੀ ਪਹਾੜੀ ਤੇ ਬਾਬਾ ਨੰਦ ਲਾਲ ਸਹੋੜੇ ਵਾਲੇ ਅਤੇ ਬਾਬਾ ਜਵਾਹਰ ਦਾਸ ਪਿੰਡ ਸੂਸਾਂ ਵਾਲੇ (ਜ਼ਿਲਾ ਜਲੰਧਰ) ਨਾਲ ਬਾਰਾਂ ਸਾਲ ਕਠਿਨ ਤਪਸਿਆ ਕੀਤੀ ਅਤੇ ਤਿੰਨੇਂ ਮਹਾਂਪੁਰਸ਼ ਇਕੋ ਧੂੰਏਂ ਤੇ ਤਪ ਕਰਦੇ ਰਹੇ। ਜਦ ਬਾਰਾਂ ਸਾਲ ਬਾਅਦ ਸਮਾਧੀ ਖੁਲੀ ਤਾਂ ਬਾਬਾ ਨੰਦ ਲਾਲ ਜੀ ਨੇ ਗੋਬਿੰਦ ਦਾਸ ਨੂੰ ਕਿਹਾ ਕਿ ਅਸਾਂ ਛਾਂ ਪਾਣੀ ਪੀਣਾ ਹੈ। ਗੋਬਿੰਦ ਦਾਸ ਜੀ ਆਪਣੇ ਹੱਥ ਵਿਚ ਇਕ ਤੀਰ ਰਖਿਆ ਕਰਦੇ ਸਨ। ਉਹ ਤੀਰ ਆਪ ਜੀ ਨੇ ਪੱਥਰ ਤੇ ਮਾਰਿਆ ਤਾਂ ਪਾਣੀ ਦਾ ਚਸ਼ਮਾ ਵਗ ਤੁਰਿਆ। ਉਹ ਤੀਰ ਅਜ ਕਲ ਆਪ ਜੀ ਦੇ ਡੇਰੇ ਪਿੰਡ ਭਟੀਆਂ (ਜ਼ਿਲਾ ਹੁਸ਼ਿਆਰਪੁਰ ਵਿਖੇ ਸਾਂਭਿਆ ਹੋਇਆ ਹੈ) ਬਾਬਾ ਨੰਦ ਲਾਲ ਜੀ ਨੇ ਕਿਹਾ ਕਿ ਅਸੀਂ ਤਾਂ ਇਥੇ ਹੀ ਰਹਾਂਗੇ ਅਤੇ ਜਿਸ ਜਗ੍ਹਾ ਆਪ ਜੀ ਨੇ ਤੀਰ ਨਾਲ ਚਸ਼ਮਾ ਪੈਦਾ ਕੀਤਾ ਸੀ, ਉਥੇ ਬਉਲੀ ਦੀ ਉਸਾਰੀ ਕੀਤੀ ਗਈ ਹੈ। ਬਾਬਾ ਨੰਦ ਲਾਲ ਜੀ ਸਹੋੜੇ ਵਾਲਿਆਂ ਦੀ ਗੱਦੀ ਅਜੇ ਵੀ ਕਾਇਮ ਹੈ।

ਗੋਬਿੰਦ ਦਾਸ ਜੀ ਅਤੇ ਬਾਬਾ ਜਵਾਹਰ ਦਾਸ ਜੀ ਵਿਚਰਦੇ ਹੋਏ ਜ਼ਿਲਾ ਜਲੰਧਰ ਦੇ ਪਿੰਡ ਸੂਸਾਂ ਵਿਚ ਆ ਨਿਕਲੇ: ਇਹ ਪਿੰਡ ਬਾਬਾ ਜਵਾਹਰ ਦਾਸ ਜੀ ਦਾ ਜੱਦੀ ਪਿੰਡ ਸੀ। ਆਪ ਜੀ ਜਾਤ ਦੇ ਪੱਖ ਤੋਂ ਜੱਟ ਸਨ। ਆਪ ਜੀ ਆਪਣੇ ਖੇਤ ਵਿਚ ਜਾ ਬਿਰਾਜੇ ਅਤੇ ਕਹਿਣ ਲਗੇ ਕਿ ਅਸੀਂ ਇਥੇ ਹੀ ਰਹਾਂਗੇ। ਬਾਅਦ ਵਿਚ ਉਹਨਾਂ ਦੀ ਯਾਦਗਾਰ ਕਾਇਮ ਕੀਤੀ ਗਈ। ਉਹਨਾਂ ਦਾ ਦੇਹੁਰਾ ਦੇਖਣਯੋਗ ਹੈ। ਮੈਂ ਦਰਸ਼ਨ ਕੀਤੇ ਹਨ, ਹਰ ਮਸਿਆ ਤੇ ਸੰਗਰਾਂਦ ਨੂੰ ਮੇਲਾ ਲਗਦਾ ਹੈ ਅਤੇ ਸੰਗਤ ਨੂੰ ਦੁਧ ਛਕਾਇਆ ਜਾਂਦਾ ਹੈ, ਕਦੇ ਤੋਟ ਨਹੀਂ ਆਉਂਦੀ।

ਇਕਲੇ ਗੋਬਿੰਦ ਦਾਸ ਜੀ ਬਿੰਦਰਾਬਨ ਵਲ ਚਲ ਗਏ ਅਤੇ ਭਗਵਾਨ ਕ੍ਰਿਸ਼ਨ ਜੀ ਦੀਆਂ ਰਾਸਲੀਲਾ ਵਿਚ ਭਾਗ ਲੈਣ ਲਗੇ। ਲੋਕ ਆਪ ਜੀ ਨੂੰ ਕ੍ਰਿਸ਼ਨ ਭਗਵਾਨ ਰੂਪ ਸਮਝਣ ਲਗੇ। ਇਕ ਦਿਨ ਇਕ ਸਾਧੂ ਆਪ ਜੀ ਨੂੰ ਮਿਲੇ ਤਾਂ ਉਸਨੇ ਕਿਹਾ ਕਿ ਤੁਸੀਂ ਠਾਕਰਾਂ ਦੀ ਪੂਜਾ ਕਰੋ ਤਾਂ ਆਪ ਜੀ ਠਾਕਰਾਂ ਦੀ ਪੂਜਾ ਕਰਨ ਲਗ ਪਏ। ਕੁਝ ਅਰਸੇ ਬਾਅਦ ਇਕ ਹੋਰ ਦਿਬ ਦ੍ਰਿਸ਼ਟੀ ਵਾਲੇ ਸਾਧੂ ਨੇ ਕਿਹਾ ਕਿ ਤੁਸੀਂ ਤਾਂ ਆਪ ਠਾਕੁਰ ਹੋ, ਇਹਨਾਂ ਠਾਕੁਰਾਂ ਦੀ ਪੂਜਾ ਬੰਦ ਕਰੋ। ਆਪ ਜੀ ਨੇ ਠਾਕੁਰਾਂ ਨੂੰ ਜਮਨਾ ਵਿਚ ਸੁਟ ਦਿਤਾ ਅਤੇ ਭਗਤੀ ਕਰਨ ਲਗੇ। ਆਪ ਜੀ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਰਸ਼ਨ ਦੇ ਕੇ ਕਿਹਾ ਕਿ ਗੁਰਮੁਖਾਂ ਤੂੰ ਕਿਧਰ ਕੁਥਾਹੇ ਆ ਫਸਿਆ ਹੈਂ। ਸਾਡੇ ਬਾਰ੍ਹਵੇਂ ਜਾਮੇ ਦੇ ਦਰਸ਼ਨ ਸ੍ਰੀ ਭੈਣੀ ਸਾਹਿਬ ਜਾ ਕੇ ਕਰ ਅਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ। ਗੋਬਿੰਦ ਦਾਸ ਜੀ ਨੇ ਕਿਹਾ ਕਿ ਪਹਿਲਾਂ ਸਾਨੂੰ ਉਹਨਾਂ ਦੇ ਦਰਸ਼ਨ ਕਰਵਾਓ ਫਿਰ ਅਸੀਂ ਉਹਨਾਂ ਨੂੰ ਮੰਨਾਂਗੇ। ਦਸਮ ਪਾਤਸ਼ਾਹ ਜੀ ਨੇ ਕਿਹਾ ਕਿ ਅੱਖਾਂ ਮੀਟ ਕੇ ਖੋਲ੍ਹ। ਜਦ ਆਪ ਜੀ ਨੇ ਅਜਿਹਾ ਕੀਤਾ ਤਾਂ ਸਾਹਮਣੇ ਬਾਰ੍ਹਵੇਂ ਬਪੁ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਖੜੇ ਸਨ। ਆਪ ਜੀ ਨੇ ਉਠ ਕੇ ਚਰਨ ਪਰਸੇ ਅਤੇ ਫਿਰ ਸ੍ਰੀ ਭੈਣੀ ਸਾਹਿਬ ਆਉਣ ਲਈ ਪੰਜਾਬ ਵਲ ਚਾਲੇ ਪਾਏ।

ਏਧਰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਨੂੰ ਗੋਬਿੰਦ ਦਾਸ ਦਾ ਹੁਲੀਆ ਦੱਸ ਦਿੱਤਾ ਕਿ ਇਕ ਸਾਧੂ ਗੋਬਿੰਦ ਦਾਸ ਬ੍ਰਿੰਦਾਬਨ ਤੋਂ ਆ ਰਿਹਾ ਹੈ। ਉਸ ਲਈ ਅੰਮ੍ਰਿਤ ਤਿਆਰ ਕਰੋ ਅਤੇ ਉਸਨੂੰ ਬਸੰਤੀ ਨਿਹੰਗਾਂ ਵਾਲਾ ਬਾਣਾ ਪਹਿਨਾਉਣਾ ਹੈ। ਗੋਬਿੰਦ ਦਾਸ ਜੀ ਭੈਣੀ ਸਾਹਿਬ ਪਹੁੰਚ ਗਏ ਤਾਂ ਸਤਿਗੁਰਾਂ ਨੇ ਇਕ ਸਿੱਖ ਨੂੰ ਗੋਬਿੰਦ ਦਾਸ ਵੱਲ ਭੇਜ ਦਿਤਾ ਪਰ ਉਹਨਾਂ ਨੇ ਸਾਫ ਕਹਿ ਦਿਤਾ ਕਿ ਇਹ ਮੇਰਾ ਮਾਲਕ ਨਹੀਂ ਹੈ। ਫਿਰ ਸਤਿਗੁਰਾਂ ਨੇ ਭਗਵਾਨ ਸਿੰਘ ਚੋਬਦਾਰ ਨੂੰ ਗੋਬਿੰਦ ਦਾਸ ਵੱਲ ਭੇਜਿਆ ਤਾਂ ਗੋਬਿੰਦ ਦਾਸ ਜੀ ਨੇ ਕਿਹਾ ਕਿ ਭਾਵੇਂ ਬਾਣਾ ਮੇਰੇ ਗੁਰੂ ਜੀ ਵਾਲਾ ਹੈ ਪਰ ਇਹ ਮੇਰੇ ਗੁਰੂ ਜੀ ਨਹੀਂ ਕਿਉਂਕਿ ਚੋਬਦਾਰ ਦੀ ਨੁਹਾਰ ਸਤਿਗੁਰੂ ਰਾਮ ਸਿੰਘ ਜੀ ਨਾਲ ਮਿਲਦੀ ਜੁਲਦੀ ਸੀ।

ਸਤਿਗੁਰੂ ਜੀ ਦੇ ਹੁਕਮ ਨਾਲ ਗੋਬਿੰਦ ਦਾਸ ਜੀ ਨੂੰ ਇਸ਼ਨਾਨ ਕਰਵਾਇਆ ਅਤੇ ਕੱਛ ਪਵਾਈ ਅਤੇ ਦਰਸ਼ਨ ਦਿਤੇ। ਗੋਬਿੰਦ ਦਾਸ ਜੀ ਦਰਸ਼ਨ ਕਰਦਿਆਂ ਹੀ ਮਸਤਾਨੇ ਹੋ ਗਏ ਅਤੇ ਬੇਸੁਧ ਹੋਕੇ ਚਰਨਾਂ ਤੇ ਢਹਿ ਪਏ। ਸਤਿਗੁਰਾਂ ਨੇ ਉਠਾਕੇ ਉਹਨਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ। ਗੋਬਿੰਦ ਦਾਸ ਜੀ ਦੇ ਸੀਸ ਤੇ ਜਟਾਵਾਂ ਸਨ ਜੋ ਸਤਿਗੁਰੂ ਰਾਮ ਸਿੰਘ ਜੀ ਨੇ ਸਿਰ ਤੇ ਹੱਥ ਫੇਰਿਆ ਤਾਂ ਦੂਰ ਹੋ ਗ਼ਈਆਂ। ਸਤਿਗੁਰਾਂ ਨੇ ਪੁਛਿਆ ਕਿ ਕਿਹੜਾ ਬਾਣਾ ਆਪ ਜੀ ਨੇ ਪਹਿਨਣਾ ਹੈ। ਗੋਬਿੰਦ ਦਾਸ ਜੀ ਨੇ ਨਿਹੰਗਾਂ ਵਾਲਾ ਬਾਣਾ ਬਸੰਤੀ ਰੰਗ ਵਾਲਾ ਪਹਿਨਣ ਦੀ ਇੱਛਾ ਜ਼ਾਹਰ ਕੀਤੀ। ਸਤਿਗੁਰਾਂ ਨੇ ਪਹਿਲਾਂ ਹੀ ਤਿਆਰ ਕਰ ਰਖਿਆ ਸੀ ਜੋ ਗੋਬਿੰਦ ਦਾਸ ਜੀ ਨੂੰ ਪਹਿਨਾਇਆ ਗਿਆ। ਸਿਰ ਤੇ ਦੁਮਾਲੇ ਅਤੇ ਚੱਕਰ ਸਜਾਏ ਗਏ ਅਤੇ ਨਾਮ ਹਰਨਾਮ ਸਿੰਘ ਜੀ ਰਖਿਆ।

ਬਾਬਾ ਹਰਨਾਮ ਸਿੰਘ ਜੀ ਕਾਫ਼ੀ ਅਰਸਾ ਸ੍ਰੀ ਭੈਣੀ ਸਾਹਿਬ ਰਹੇ ਅਤੇ ਫਿਰ ੧੯੭੨ ਈਸਵੀ ਤੋਂ ਕੁਝ ਅਰਸਾ ਪਹਿਲਾਂ ਆਪ ਜੀ ਜ਼ਿਲਾ ਹੁਸ਼ਿਆਰਪੁਰ ਵਿਖੇ ਪਿੰਡ ਭਟੀਆਂ ਵਿਖੇ ਡੇਰਾ ਕਰ ਲਿਆ। ਇਕ ਡੇਰਾ ਆਪ ਜੀ ਦਾ ਕਸਬਾ


Sri Satguru Jagjit Singh Ji eLibrary NamdhariElibrary@gmail.com

ਗੜ੍ਹਦੀਵਾਲਾ ਵਿਖੇ ਵੀ ਮੌਜੂਦ ਹੈ। ਆਪ ਜੀ ਨੇ ਅਨੇਕਾਂ ਕਰਾਮਾਤਾਂ ਦਿਖਾਈਆਂ ਅਤੇ ਰੋਗੀਆਂ ਦੇ ਰੋਗ ਦੂਰ ਕੀਤੇ ਅਤੇ ਕੋਹੜੀਆਂ ਦਾ ਕੋਹੜ ਦੂਰ ਕੀਤਾ। ਇਹਨਾਂ ਦੇ ਕਰਾਮਾਤ ਭਰਪੂਰ ਕਾਰਨਾਮੇ ਮੈਂ ਖੋਜ ਰਿਹਾ ਹਾਂ ਕਿਉਂਕਿ ਅਜੇ ਕਈ ਗੁਰਮੁਖ ਜੀਉਂਦੇ ਹਨ ਜਿਹਨਾਂ ਨੇ ਇਹਨਾਂ ਦੀ ਮਹਿਮਾ ਸੁਣੀ ਹੈ ਜਾਂ ਆਪ ਦੇਖੀ ਹੈ। ਛੇਤੀ ਹੀ ਮੈਂ ਇਕਠੇ ਕਰਕੇ ਇਸ ਲੇਖ ਦਾ ਆਕਾਰ ਵਧਾਵਾਂਗਾ। ਆਪ ਜੀ ਦੀ ਕਿਰਪਾ ਨਾਲ ਸੰਤ ਜਵਾਲਾ ਸਿੰਘ ਪਿੰਡ ਖੁਨ੍ਹਖੁਨ ਕਲਾਂ ਵਾਲਿਆਂ ਦਾ ਜਨਮ ਹੋਇਆ ਸੀ ਜਿਸਨੂੰ ਆਪ ਜੀ ਨੇ ਆਪਣਾ ਪੁਤਰ ਬਣਾਇਆ ਸੀ। ਸੰਤ ਜਵਾਲਾ ਸਿੰਘ ਦੇ ਅਗੋਂ ਇਕ ਪੁਤਰ ਸੂਰਤ ਸਿੰਘ ਜੀ ਅਤੇ ਇਕ ਲੜਕੀ ਗੋਬਿੰਦ ਕੌਰ ਜੀ ਹੋਏ। ਬਾਬਾ ਹਰਨਾਮ ਸਿੰਘ ਜੀ ੮ ਜੂਨ ੧੯੧੫ ਈਸਵੀ ਅਰਥਾਤ ੨੬ ਜੇਠ ਨੂੰ ਗੁਰਪੁਰੀ ਸਿਧਾਰੇ। ਆਪ ਜੀ ਦਾ ਸਸਕਾਰ ਗੜ੍ਹਦੀਵਾਲਾ ਕੀਤਾ ਗਿਆ। ਜਿਥੇ ਅਜਕਲ ਸੰਤ ਵਜੀਰ ਸਿੰਘ ਜੀ ਸੇਵਾ ਕਰ ਰਹੇ ਹਨ। ×

**ਬਚਿਆਂ ਲਈ ਕਹਾਣੀ**

# ਵਿਹਲ ਦੀ ਨਸੀਹਤ

ਇਕ ਵਾਰੀ ਦੀ ਗੱਲ ਹੈ ਕਿ ਕਿਸੇ ਦੇਸ਼ ਵਿਚ ਸੁਸ਼ੀਲ ਨਾਂ ਦਾ ਮੁੰਡਾ ਰਹਿੰਦਾ ਸੀ। ਉਦੋਂ ਉਹ ਛੋਟੀ ਉਮਰ ਦਾ ਸੀ ਜਦੋਂ ਉਸ ਦੇ ਪਿਤਾ ਜੀ ਉਸਨੂੰ ਸਦਾ ਲਈ ਛੱਡ ਕੇ ਚਲੇ ਗਏ। ਸੁਸ਼ੀਲ ਕੰਮ ਕਰਕੇ ਰਾਜ਼ੀ ਨਹੀਂ ਸੀ। ਸੁਸ਼ੀਲ ਦੀ ਮਾਂ ਨੇ ਸੁਸ਼ੀਲ ਨੂੰ ਬਹੁਤ ਸਮਝਾਇਆ ਕਿ ਉਹ ਕੰਮ ਕਰਿਆ ਕਰੇ ਪਰ ਉਹ ਆਪਣੀ ਮਾਂ ਦੀ ਗਲ ਜਰਾ ਨਾ ਮੰਨਦਾ। ਸਾਰਾ ਦਿਨ ਏਧਰ ਉਧਰ ਫਿਰ ਕੇ ਕੱਢ ਲੈਂਦਾ। ਸੁਸ਼ੀਲ ਦੀ ਮਾਂ ਬਹੁਤ ਬੁੱਢੀ ਹੋ ਚੁਕੀ ਸੀ। ਤੇ ਇਕ ਐਸਾ ਦਿਨ ਆਇਆ ਕਿ ਉਸਦੀ ਮਾਂ ਵੀ ਉਸ ਨੂੰ ਸਦਾ ਲਈ ਛੱਡ ਕੇ ਚਲੀ ਗਈ। ਆਪਦੀ ਮਾਂ ਤੋਂ ਬਾਅਦ ਦੋ ਕੁ ਦਿਨ ਤਾਂ ਪਿਆ ਭੋਜਨ ਖਾ ਲਿਆ, ਪਰ ਇਸ ਤੋਂ ਬਾਅਦ ਉਸ ਨੂੰ ਕਿਤੋਂ ਭੋਜਨ ਨਾਂ ਮਿਲਿਆ। ਸੁਸ਼ੀਲ ਕਈ ਦਿਨ ਭੁਖਾ ਰਿਹਾ। ਫਿਰ ਉਸ ਨੇ ਸੋਚਿਆ ਕਿ ਲੋਕਾਂ ਤੋਂ ਮੰਗ ਕੇ ਖਾ ਲਿਆ ਕਰਾਂਗਾ। ਪਰ ਉਸ ਨੂੰ ਕਿਸੇ ਨੇ ਰੋਟੀ ਨਾਂ ਦਿਤੀ। ਉਹ ਕਈ ਦਿਨ ਭੁਖਾ ਰਿਹਾ ਤੇ ਬੀਮਾਰ ਹੋ ਗਿਆ। ਉਸ ਨੂੰ ਆਪਣੇ ਮਾਤਾ-ਪਿਤਾ ਦੀਆਂ ਸਮਝਾਈਆਂ ਹੋਈਆਂ ਗੱਲਾਂ ਵੱਢ-ਵੱਢ ਖਾਣ ਲਗੀਆਂ। ਸੁਸ਼ੀਲ ਨੇ ਸੋਚਿਆ ਕਿ ਜੇਕਰ ਮੈਨੂੰ ਪਹਿਲਾਂ ਪਤਾ ਹੁੰਦਾ ਤਾਂ ਆਪਣੇ ਮਾਤਾ ਪਿਤਾ ਦੀਆਂ ਸਮਝਾਈਆਂ ਹੋਈਆਂ ਗੱਲਾਂ ਸਮਝ ਲੈਂਦਾ। ਸੁਸ਼ੀਲ ਬੜਾ ਪਛਤਾਇਆ। ਪਰ ਜਿਹੜਾ ਵੇਲਾ ਇਕ ਵਾਰ ਹਥੋਂ ਨਿਕਲ ਜਾਵੇ ਉਹ ਮੁੜਕੇ ਹੱਥ ਨਹੀਂ ਆਉਂਦਾ। ਸੁਸ਼ੀਲ ਕਈ ਕੁਝ ਸੋਚ ਕੇ ਤੁਰ ਪਿਆ ਤੇ ਕੰਮ ਲਭਣ ਲੱਗਾ। ਉਸ ਨੂੰ ਰਾਹ ਵਿਚ ਕਈ ਦਿਨ ਬੀਤ ਗਏ। ਅੰਤ ਵਿੱਚ ਸੁਸ਼ੀਲ ਇਕ ਜੰਗਲ ਵਿਚ ਪਹੁੰਚ ਗਿਆ। ਜੰਗਲ ਵਿਚ ਇਕ ਨਿੱਕਾ ਜਿਹਾ ਕੋਠਾ ਸੀ। ਉਸ ਕੋਠੇ ਵਿਚ ਇਕ ਸਾਧੂ ਰਹਿੰਦਾ ਸੀ। ਸੁਸ਼ੀਲ ਸਾਹ ਲੈਣ ਲਈ ਉਸ ਕੋਠੇ ਨਾਲ ਢੋ ਲਾਕੇ ਬੈਠ ਗਿਆ। ਜਦੋਂ ਸਾਧੂ ਬਾਹਰ ਆਇਆ ਤਾਂ ਸਾਧੂ ਨੇ ਦੇਖਿਆ ਤਾਂ ਸੁਸ਼ੀਲ ਉਦਾਸ ਬੈਠਾ ਸੀ। ਸਾਧੂ ਨੇ ਉਸਤੋਂ ਇਸ ਦਾ ਕਾਰਣ ਪੁਛਿਆ। ਤੇ ਸੁਸ਼ੀਲ ਨੇ ਸਾਰੀ ਗਲ ਸੁਣਾ ਦਿਤੀ। ਇਹ ਸੁਣ ਕੇ ਸਾਧੂ ਸੋਚਾਂ ਵਿਚ ਪੈ ਗਿਆ ਤੇ ਕੁਝ ਚਿਰ ਬਾਅਦ ਸਾਧੂ ਨੇ ਸ਼ਸ਼ੀਲ ਨੂੰ ਕਿਹਾ ਕਿ ਚੱਲ ਤੂੰ ਮੇਰੇ ਨਾਲ ਉਹ ਸਾਹਮਣੇ ਵਾਲੀ ਸਾਰੀ ਫਸਲ ਵਢਾ ਤੇ ਤੂੰ ਠੀਕ ਹੋ ਜਾਵੇਂਗਾ। ਸੁਸ਼ੀਲ ਉਸ ਨਾਲ ਤੁਰ ਪਿਆ ਤੇ ਫਸਲ ਵਢਣ ਲੱਗਾ। ਹਨੇਰਾ ਹੋ ਗਿਆ ਤੇ ਫਸਲ ਵਢਣੀ ਬੰਦ ਕਰ ਦਿਤੀ। ਦੂਜੇ ਦਿਨ ਫਿਰ ਉਹ ਸਾਰਾ ਦਿਨ ਫਸਲ ਵਢਦੇ ਰਹੇ। ਤੇ ਸੁਸ਼ੀਲ ਨੂੰ ਆਪਣਾ ਸਰੀਰ ਤਕੜਾ-ਤਕੜਾ ਲੱਗਣ ਲੱਗ ਪਿਆ। ਤੇ ਉਸਦੀ ਸਾਰੀ ਬੀਮਾਰੀ ਦੂਰ ਹੋ ਗਈ। ਸੁਸ਼ੀਲ ਦਾ ਕੰਮ ਵਿਚ ਵੀ ਜੀ ਲੱਗਣ ਲੱਗ ਪਿਆ। ਉਸ ਤੋਂ ਬਾਅਦ ਸੁਸ਼ੀਲ ਨੇ ਮਿਹਨਤ ਕਰਨੀ ਸ਼ੁਰੂ ਕਰ ਦਿਤੀ। ਤੇ ਸਾਧੂ ਦੇ ਨਾਲ ਹੀ ਰਹਿਣ ਲੱਗਾ। ਤੇ ਸੁਖੀ-ਸੁਖੀ ਆਪਣੇ ਦਿਨ ਕੱਟਣ ਲੱਗਾ।

(ਜਸਵੰਤ ਕੌਰ ਕਲਾਸ ਨੌਵੀਂ)








Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕਰਮ

ਮੈਨੂੰ ਆਪ ਜੀ ਵਲੋਂ ਭੇਜਿਆ ਜਾਂਦਾ 'ਵਰਿਆਮ' ਲਗਾਤਾਰ ਮਿਲਦਾ ਹੈ। ਇਹ ਲਈ ਮੈਂ ਬਹੁਤ ਬਹੁਤ ਸ਼ੁਕਰ ਗੁਜ਼ਾਰ ਹਾਂ। ਜੁਲਾਈ ਅੰਕ ਵਿਚਲਾ 'ਸੈਲਾਨੀ ਪਿਆਰਾ ਸਿੰਘ ਦਾਤਾ' ਮੈਂ ਡੂੰਘੀ ਦਿਲਚਸਪੀ ਨਾਲ ਪੜ੍ਹਿਆ। ਮੈਨੂੰ ਇਸਦੀ ਸ਼ੈਲੀ ਨੇ ਬਹੁਤ ਟੁੰਬਿਆ—ਮੇਰੀ ਕਾਮਨਾ ਹੈ ਤੁਹਾਡੀ ਲਿਖਤ ਹੋਰ ਪ੍ਰਪੱਕ ਹੋਵੇ। 'ਵਰਿਆਮ' ਵਾਸਤੇ ਮੇਰੀਆਂ ਸ਼ੁਭ ਇਛਾਵਾਂ ਹਾਜ਼ਰ ਹਨ। ਹੋਰ ਵੀ ਮੈਟਰ ਪਸੰਦ ਆਇਆ ਸੀ।

ਮੁਖ਼ਤਾਰ ਗਿਲ
ਪ੍ਰੀਤ ਨਗਰ

—o—

ਵਰਿਆਮ ਵਿਚ ਆਪਣੇ ਬਾਰੇ ਤੁਹਾਡੇ ਵਿਚਾਰ ਪੜ੍ਹਕੇ ਅਜ ਤੋਂ ੧੦-੧੨ ਸਾਲ ਪੁਰਾਣੀਆਂ ਯਾਦਾਂ ਚੇਤੇ ਆ ਗਈਆਂ। ਕਿਡੇ ਪਿਆਰੇ ਦਿਨ ਸਨ ਉਹ। ਉਹ ਪਿਆਰੀ ਯਾਤਰਾ ਤੇ ਤੁਹਾਡਾ ਸ਼ੁਭ ਸਾਥ ਆਪਣੀਆਂ ਬੜੀਆਂ ਪਿਆਰੀਆਂ ਅਭੁਲ ਯਾਦਾਂ ਵਿਚੋਂ ਇਕ ਹੈ।

ਇਕ ਗਲ ਹੋਰ ਅਸੀਂ ਬੈਂਕਾਕ ਪੰਜਾਬੀ ਕਾਨਫਰੰਸ ਤੋਂ ਵਾਪਸ ਪਰਤੇ ਤਾਂ ਕੁਝ ਹੀ ਦਿਨਾਂ ਮਗਰੋਂ ਜਦੋਂ ਮੈਂ ਅਮਰ ਭਾਰਤੀ ਜੀ ਦੇ ਡੇਰੇ ਹਰੀ ਨਗਰ ਠਹਿਰਿਆ ਹੋਇਆ ਸਾਂ, ਤਾਂ ਬੈਂਕਾਕ ਵਾਲੇ ਮਹਾਂ ਪੁਰਸ਼ਾਂ ਆਣ ਦਰਸ਼ਨ ਦਿਤੇ। ਅਮਰ ਭਾਰਤੀ ਜੀ ਨੇ ਮੇਰੀ ਜਾਣਕਾਰੀ ਦਿਤੀ, ਤਾਂ ਉਹ ਮੁਸਕਰਾ ਕੇ ਕਹਿਣ ਲਗੇ, "ਮੈਂ ਦਾਤਾ ਜੀ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਇਨ੍ਹਾਂ ਨੇ ਡਾ: ਸ਼ਾਨ ਤੋਂ ੨੫ ਕਿਤਾਬਾਂ ਜ਼ਿਆਦਾ ਲਿਖੀਆਂ ਹਨ"—ਮਹਾਂ ਪੁਰਸ਼ਾਂ ਦੇ ਮੁਖਾਰਬਿੰਦ ਚੋਂ ਨਿਕਲੇ ਇਨ੍ਹਾਂ ਸ਼ਬਦਾਂ ਨਾਲ ਦੋਬਾਰਾ ਬੈਂਕਾਂਕ ਵਾਂਗ ਹਾਜ਼ਰ ਗੁਰਮੁਖਾਂ ਨੇ ਭਰਵਾਂ ਕਹਿਕਹਾ ਲਗਾਇਆ।

ਉਦੋਂ ਹੀ ਸ੍ਰੀ ਮਹਾਰਾਜ ਜੀ ਨੇ ਭੈਣੀ ਸਾਹਿਬ ਆਉਣ ਦਾ ਸਦਾ ਦਿਤਾ। ਮੈਨੂੰ ਤੇ ਅਮਰ ਭਾਰਤੀ ਜੀ ਨੂੰ ਭੈਣੀ ਸਾਹਿਬ ਲਿਜਾਣ ਲਈ ਕੁਝ ਦਿਨਾਂ ਮਗਰੋਂ ਕਾਰ ਵੀ ਆ ਗਈ ਪਰ ਕੁਝ ਘਰੋਗੀ ਮਜਬੂਰੀਆਂ ਕਾਰਨ ਉਸ ਸਮਾਗਮ ਤੇ ਮੈਂ ਹਾਜ਼ਰ ਨਹੀਂ ਹੋ ਸਕਿਆ।

ਉਸ ਲੇਖ ਤੋਂ ਜਾਪਦਾ ਸੀ ਕਿ ਮੇਰੇ ਵਾਲੀ ਹਾਸ-ਪੁਸਤਕ "ਪਿਆਰਾ ਸਿੰਘ ਦਾਤਾ ਤੇ ਉਸ ਦਾ ਹਾਸ ਵਿਅੰਗ" ਆਪ ਤੋਂ ਕੋਈ ਗੁਰੂ ਦਾ ਪਿਆਰਾ ਉਡਾ ਕੇ ਲੈ ਗਿਆ ਹੈ। ਸੋ ਉਹ ਪੁਸਤਕ ਤੇ ਸੂਦ ਵਜੋਂ ਦੂਜੀ ਪੁਸਤਕ ਅਠਖੇਲੀਆਂ ਸ੍ਰੀ ਬਾਜਵਾ ਜੀ ਬਟਾਲਵੀ ਫੋਟੋਗਰਾਫਰ ਰਾਹੀਂ ਤੁਹਾਡੀ ਮੁਲਾਕਾਤ ਤੋਂ ਦੂਜੇ ਦਿਨ ਘਲ ਦਿਤੀਆਂ ਸਨ। ਉਨ੍ਹਾਂ ਇਕਰਾਰ ਕੀਤਾ ਹੈ ਕਿ ਇਹ ਦੋਵੇਂ ਪੁਸਤਕਾਂ ਜਗਦੀਸ਼ ਜੀ ਨੂੰ ਛੇਤੀ ਹੀ ਪੁਜਾ ਦਿਤੀਆਂ ਜਾਣਗੀਆਂ।

ਪਿਆਰਾ ਸਿੰਘ ਦਾਤਾ
ਨਵੀਂ ਦਿਲੀ

ਜਦੋਂ 'ਵਰਿਆਮ' ਆਉਂਦਾ ਹੈ ਤਾਂ ਤੁਹਾਡੀਆਂ ਇਸ ਰਸਾਲੇ ਵਾਸਤੇ ਅਣਥਕ ਸੇਵਾਵਾਂ ਦਾ ਖਿਆਲ ਮਨ ਵਿਚ ਪਸਰ ਜਾਂਦਾ ਹੈ। ਤੁਸੀਂ ਇਕ ਬਹੁਤ ਹੀ ਤਕੜੀ ਸੇਵਾ ਕਰ ਰਹੇ ਹੋ ਬਾਵਜੂਦ ਔਕੜਾਂ ਦੇ। ਪਰ ਤੁਹਾਡੇ ਸਿਰ 'ਤੇ ਹੱਥ ਰੱਖਣ ਵਾਲਾ ਡਾਢਾ ਹੈ। ਐਤਕੀ 'ਬੀਤੇ ਦੀਆਂ ਪੈੜਾਂ' ਵਿਚ ਦਰਜ ਖਿਆਲਾਂ ਨੇ ਕਿਤੇ ਦਾ ਕਿਤੇ ਪਹੁੰਚਾ ਦਿਤਾ। ਬੜੀਆਂ ਗਹਿਰੀਆਂ ਅਤੇ ਰਹਿਨਮਾਈ ਦੇਣ ਵਾਲੀਆਂ ਛੋਹਾਂ ਸਨ। ਬਈ ਵਾਹ! ਸਮਝੋ ਪੜ੍ਹਦਾ ਗਿਆ ਤਾਂ ਨਾਲ ਦੀ ਨਾਲ ਹੀ ਰਮਜ਼ਾਂ ਮਨ ਵਿਚ ਉਤਰਦੀਆਂ ਗਈਆਂ।

ਮਾਲਕ ਤੁਹਾਡੇ ਤੇ ਹੋਰ ਵੀ ਕ੍ਰਿਪਾ ਕਰੇ।

ਕਰਤਾਰ ਸਿੰਘ 'ਪੰਛੀ'
ਮਲੇਰਕੋਟਲਾ

# ਵਰਿਆਮ ਨੂੰ ਸਹਿਯੋਗ

—**ਪ੍ਰੀਤਮ ਸਿੰਘ ਦਿਲੀ**—ਰਾਜੌਰੀ ਗਾਰਡਨ ਦਿਲੀ ਵਿਖੇ ਆਪਣੇ ਘਰ ਸ. ਪ੍ਰੀਤਮ ਸਿੰਘ ਪਠਾਨਕੋਟ ਵਾਲਿਆਂ ਨੇ ਨਾਮ ਸਿਮਰਨ ਦੀ ਵਰਨੀ ਕਰਾਈ। ਇਸ ਸਮੇਂ ਧਰਮ ਕਾਰਜਾਂ ਵਾਸਤੇ ਕੱਢੀ ਮਾਇਆ ਵਿਚੋਂ ਇਕਵੰਜਾ ਰੁਪਏ ਸੰਤ ਸਤਿਨਾਮ ਸਿੰਘ ਰਾਹੀਂ ਵਰਿਆਮ ਨੂੰ ਦਿਤੇ ਗਏ।

—**ਬੀਬੀ ਪ੍ਰਕਾਸ਼ ਕੌਰ** ੨੧੭੮/੭, **ਸ਼ਾਦੀਪੁਰ** ਨਵੀਂ ਦਿਲੀ-੮ ਨੇ ਆਪਣੇ ਮਾਤਾ ਪਿਤਾ ਨਮਿਤ ਪਾਠਾਂ ਦੇ ਦ ਭੋਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਪੁਆਏ। ਇਸ ਅਵਸਰ ਤੇ ਵੀਹ ਰੁਪਏ ਵਰਿਆਮ ਨੂੰ ਸੰਤ ਸਤਿਨਾਮ ਸਿੰਘ ਜੀ ਰਾਹੀਂ ਭੇਜੇ ਗਏ।

—**ਸੂਬਾ ਦੇਸਾ ਸਿੰਘ ਬੰਬਈ** ਵਾਲਿਆਂ (ਸੁਰਗਵਾਸੀ) ਦੇ ਘਰੋਂ ਬੀਬੀ ਪ੍ਰੀਤਮ ਕੌਰ ਜੀ ਪਿਛਲੇ ਦਿਨੀਂ ਚੜ੍ਹਾਈ ਕਰ ਗਏ ਹਨ। ਉਹਨਾਂ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ਪਵਾਇਆ ਗਿਆ। ਅਤੇ ਲੰਗਰ ਵਰਤਾਇਆ ਗਿਆ। ਸ੍ਰੀ ਕਰਮ ਸਿੰਘ ਬਾਲਮ ਦਿਲੀ ਦੇ ਚੇਲੇ ਨੇ



Sri Satguru Jagjit Singh Ji eLibrary NamdhariElibrary@gmail.com

ਕੀਰਤਨ ਕੀਤਾ, ਜਥੇਦਾਰ ਧਨਾ ਸਿੰਘ ਜੀ ਅਤੇ ਸੰਤ ਹਜ਼ੂਰ ਸਿੰਘ ਜੀ ਨੇ ਸ਼ਰਧਾਂਜਲੀਆਂ ਭੇਂਟ ਕੀਤੀਆਂ। ਇਸ ਸਮੇਂ ਪਰਿਵਾਰ ਵਲੋਂ, ੨੦੧ ਰੁਪੈ ਨਾਮਧਾਰੀ ਧਰਮਸ਼ਾਲਾ ਬੰਬਈ, ੧੫੦/- ਲੰਗਰ ਭੈਣੀ ਸਾਹਿਬ, ੨੫ ਰੁ: ਸਤਿਜੁਗ ਅਤੇ ੨੫ ਰੁ: ਵਰਿਆਮ ਨੂੰ ਸੰਤ ਹਜ਼ੂਰ ਸਿੰਘ ਰਾਹੀਂ ਭੇਜੇ ਗਏ।

—**ਸ: ਬਿਸ਼ਨ ਸਿੰਘ ਪ੍ਰੀਤਨਗਰ ਜਲੰਧਰ** ਅਬਦਾਲੀਆਂ ਵਾਲੇ) ਗੁਰਸਿਖੀ ਜੀਵਨ ਬਤੀਤ ਕਰਕੇ ਅਕਾਲ ਪੁਰਖ ਦੇ ਭਾਣੇ ਅਨੁਸਾਰ ੨ ਜੁਲਾਈ ਨੂੰ ਅਕਾਲ ਚਲਾਣਾ ਕਰ ਗਏ। ਉਹਨਾਂ ਦੀ ਜੀਵ ਆਤਮਾ ਨਮਿਤ ੧੨ ਜੁਲਾਈ ਨੂੰ ਪਾਠ ਦਾ ਭੋਗ ਉਹਨਾਂ ਦੇ ਨਿਵਾਸ ਅਸਥਾਨ ਤੇ ਪਾਇਆ ਗਿਆ। ਜਥੇਦਾਰ ਹਜ਼ਾਰਾ ਸਿੰਘ, ਜ. ਅਵਤਾਰ ਸਿੰਘ, ਪ੍ਰੋ: ਕਿਰਪਾਲ ਸਿੰਘ ਜੀ ਨੇ ਕੀਰਤਨ ਕੀਤੇ। ਉਪਰੰਤ ਸ਼ਰਧਾਂਜਲੀਆਂ ਅਰਪਣ ਕੀਤੀਆਂ ਗਈਆਂ। ਉਹਨਾਂ ਦੇ ਸਪੁਤਰਾਂ ਸ. ਹਰਜੀਤ ਸਿੰਘ, ਰਘਬੀਰ ਸਿੰਘ ਅਤੇ ਦੀਪ ਸਿੰਘ (ਸਕੱਤਰ ਨਾਮਧਾਰੀ ਗੁਰਦੁਆਰਾ) ਅਤੇ ਪਰਿਵਾਰ ਵਲੋਂ ਗਿਆਰਾਂ ਰੁਪਏ ਵਰਿਆਮ ਨੂੰ ਸਹਿਯੋਗ ਭੇਜਿਆ ਗਿਆ।

—**ਸੰਤ ਤਰਲੋਕ ਸਿੰਘ ਪਿੰਡ ਗੁਦਾਈਪੁਰ** (ਜਲੰਧਰ) ਨੇ ਸਿਲਸਲੇਵਾਰ ਦੀਵਾਨਾਂ ਦੀ ਲੜੀ ਵਿਚ ਆਪਣੇ ਘਰ ਜਥੇਦਾਰ ਗਿਆਨ ਸਿੰਘ ਵੀਰੋਕੇ ਵਾਲਿਆਂ ਦਾ ਕੀਰਤਨ ਕਰਵਾਇਆ ਅਤੇ ਸਾਧ ਸੰਗਤ ਦੀ ਸੇਵਾ ਕੀਤੀ। ਇਸ ਅਵਸਰ ਤੇ ਵਰਿਆਮ ਵਾਸਤੇ ਇੱਕੀ ਰੁਪਏ ਸਹਿਯੋਗ ਭੇਜਿਆ ਗਿਆ।

—**ਸੰਤ ਅਜੀਤ ਸਿੰਘ 'ਸੋਧੀ'** ਜਲੰਧਰ ਵਾਲਿਆਂ ਆਪਣੇ ਘਰ ਅਖੰਡ ਪਾਠ ਕਰਵਾਇਆ। ਸੰਤ ਬਲਬੀਰ ਸਿੰਘ ਦੇ ਜਥੇ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ ਅਤੇ ਜਥੇਦਾਰ ਗਿਆਨ ਸਿੰਘ ਵੀਰੋਕੇ ਵਾਲਿਆਂ ਦੀਵਾਨ ਸਜਾਇਆ। ਲੰਗਰ ਵਰਤਾਇਆ ਗਿਆ। ਹੋਰ ਕਾਰਜਾਂ ਦੇ ਨਾਲ ਵਰਿਆਮ ਨੂੰ ੨੧/- ਰੁ: ਸਹਿਯੋਗ ਦਿਤਾ ਗਿਆ।

---

## ਸਾਹਿਤਕ ਸੂਚਨਾ

ਕਹਾਣੀਕਾਰ ਕਸ਼ਮੀਰ ਸਿੰਘ ਪੰਨੂੰ ਪੰਜਾਬੀ ਕਥਾ ਦੀਆਂ **"ਗੁੰਮੀਆਂ ਹੋਈਆਂ ਚਾਬੀਆਂ"** ਦੀ ਖੋਜ 'ਚ ਨਿਕਲਿਆ **"ਹਾਦਸਿਆਂ ਦੇ ਆਰ-ਪਾਰ"** ਹੋ ਗਿਆ ਹੈ।

ਪਤਾ : ਰਘਬੀਰ ਰਚਨਾ ਪ੍ਰਕਾਸ਼ਨ,੩੨੩੯/੧੫-ਡੀ,ਚੰਡੀਗੜ੍ਹ।
ਖਰਚਾ : ਸਿਰਫ ੩੫ ਰੁਪਏ।

# ਭਾਰਤੀ ਨ੍ਰਿਤ ਅਤੇ ਗਣਿਤ

—ਨਤਾਲਿਆ ਰਾਤਕੋਵਸਕਾਇਆ—

ਵੀਕਾ ਬੋਚਾਰੋਵਾ ਯੂਕਰੇਨੀਆਈ ਸ਼ਹਿਰ ਲਵੋਵ ਵਿਚ ਰਹਿੰਦੀ ਸੀ। ਸਕੂਲੀ ਪੜ੍ਹਾਈ ਤੋਂ ਮਗਰੋਂ ਹਰ ਰੋਜ਼ ਉਹ ਸ਼ਹਿਰ ਦੇ ਯੰਗ ਪਾਇਨੀਅਰ ਕੈਂਪ ਵਿਚ ਨ੍ਰਿਤ ਦੀ ਕਲਾਸ ਵਿਚ ਸ਼ਾਮਲ ਹੁੰਦੀ ਸੀ। ਉਹਨੂੰ ਭਾਰਤੀ ਨ੍ਰਿਤ ਸਭ ਤੋਂ ਵੱਧ ਪਸੰਦ ਸੀ।

ਉਹਦੇ ਮਾਪਿਆਂ ਨੇ ਉਹਦੇ ਇਸ ਸ਼ੌਕ ਨੂੰ ਆਪਣੀ ਰਜ਼ਾਮੰਦੀ ਪਰਦਾਨ ਕੀਤੀ ਕਿਉਂਕਿ ਇਸ ਨਾਲ ਉਹਦੀ ਪੜ੍ਹਾਈ ਵਿਚ ਕੋਈ ਰੁਕਾਵਟ ਪੈਂਦਾ ਨਹੀਂ ਹੁੰਦੀ ਸੀ ਸਗੋਂ ਇਸ ਨਾਲ ਤਾਂ ਉਹਦੀ ਇਕਾਗਰਤਾ ਵਿਚ ਸੁਧਾਰ ਹੀ ਹੋਇਆ ਸੀ। ਉਹਦੀ ਮਾਂ ਜਿਹੜੀ ਇਕ ਡਾਕਟਰ ਸੀ, ਮਾਸ-ਪੇਸ਼ੀਆਂ ਨਿਯਮਤਤਾ ਦਾ ਵਿਕਸ ਕਰਨ ਲਈ ਉਹਨੂੰ ਯੋਗ ਦੇ ਬਾਰੇ ਇਕ ਪੁਸਤਕ ਲਿਆ ਕੇ ਦਿਤੀ। ਵੀਕ ਨੇ ਸਹਿਜੇ ਹੀ ਰਹੁਤ ਹੀ ਗੁੰਝਲਦਾਰ ਯੋਗਆਸਨਾ ਵਿਚ ਨਿਪੁਨਤਾ ਪਰਾਪਤ ਕਰ ਲਈ। ਛੇਤੀ ਹੀ ਉਹਨੂੰ ਲਵੋਵ ਨਿਤ ਮੰਡਲੀ "ਸੀਰੀਉਸ" ਵਿਚ ਸ਼ਾਮਲ ਹੋਣ ਲਈ ਸੱਦਾ ਦਿਤਾ ਗਿਆ ਜਿਥੇ ਭਾਰਤ ਦੀ ਗੋਰਾ ਚਤੁਰਵੇਦੀ ਨਾਲ ਉਹਦੀ ਮਿਤਰਤਾ ਹੋਈ ਜਿਹੜੀ ਚਿਕਿਤਸਾ-ਸ਼ਾਸਤਰ ਦੀ ਵਿਦਿਆਰਥਣ ਸੀ। ਗੋਰਾ ਪਿਛਲੇ ਕੁਝ ਸਾਲਾਂ ਤੋਂ ਸੋਵੀਅਤ ਯੂਨੀਅਨ ਵਿਚ ਰਹਿ ਰਹੀ ਸੀ। ਉਹ ਕਈ ਵਾਰ ਵਿਦਿਆਰਥੀ ਸਮਾਗਮਾਂ ਵਿਚ ਆਪਣੇ ਪਰੋਗਰਾਮ ਪੇਸ਼ ਕਰ ਚੁਕੀ ਸੀ ਅਤੇ ਰੂਸੀ ਸ਼ੌਕੀਆ ਕਲਾ ਸਮਗਮਾਂ ਵਿਚ ਇਕ ਪੁਰਸਕਾਰ ਵੀ ਜਿੱਤ ਚੁੱਕੀ ਸੀ।

ਆਪਣੇ ਸਕੂਲੀ ਸਾਲ ਦੇ ਅੰਤ ਵਿਚ ਵੀਕਾ ਨੇ ਦੋ ਸੁਪਨੇ ਲਏ ਸਨ-- ਭਾਰਤੀ ਨ੍ਰਿਤ ਕਲਾ ਵਿਚ ਸੁਯੋਗਤਾ ਪਰਾਪਤ ਕਰਨੀ ਅਤੇ ਸਿਵਿਲ ਇੰਜੀਨੀਅਰ ਬਣਨਾ।

ਅਜ ਰੀਨਾ ਮਾਸਕੋ ਵਿਚ ਪੜ੍ਹਦੀ ਹੈ। ਇਦਾਰੇ ਨੇ ਉਹਨੂੰ ਹੋਸਟਲ ਵਿਚ ਇਕ ਕਮਰਾ ਦੇ ਦਿਤਾ ਹੈ। ਰੀਨਾ ਦਿਆਲ ਉਹਨੂੰ ਨ੍ਰਿਤ ਤਕਨੀਕ ਸੰਬੰਧੀ ਵਿਦਿਆ ਦਿੰਦੀ ਹੈ ਅਤੇ ਭਾਰਤ ਸੰਬੰਧੀ ਲੋੜੀਂਦੀਆਂ ਪੁਸਤਕਾਂ ਦਾ ਸੁਝਾਅ ਦਿੰਦੀ ਹੈ।

ਵੀਕਾ ਬੋਚਾਰੋਵਾ ੧੯ ਸਾਲ ਦੀ ਹੈ। ਉਹਦੇ ਟੀਚੇ ਦੀ ਇਕਾਗਰਤਾ ਅਤੇ ਧੀਰਜ ਹੈਰਾਨਕੁੰਨ ਹਨ।



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

**PLEASE CONTACT**

Phones : Office : 2528411
,, : 2510345
Resi. : 213054

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.

Registered No. NW/JL—253 MONTHLY WARIAM AUGUST 1987
Registered with the registerar of News Papers for India No. 26453/75


# 'POONAM'

PROUDLY PRODUCES

LIP-SMACKING
EPOCH-MAKING
MOUTH-WATERING

**Delightful Delectable Delicious**

# BISCUITS

ALREADY INTRODUCED:

**Glucose, Roshni, Twinkle, Orange**
**Pineapple, Elaichi Cream Biscuits**
**Fully geared to release Shortly Salty Quality Biscuits**

## POONAM BISCUITS PVT. LTD.

**E-23 M.I. D. C. Ind. Area**
**Chikalhana, Aurangabad-431210**

Telephone : 8707
Telegram : POONAM


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।

Monthly WARIAM, L...owali Road, Ja...

Sri Satguru Jagjit Singh Ji eLibrary NamdhariElibrary@gmail.com